ਜੈ ਗੁਰੂਦੇਵ ! T-28 ਧੰਨ ਗੁਰੂਦੇਵ !




ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



ਸਤਿਗੁਰੂ ਨਾਮਦੇਵ ਜੀ




ਸਤਿਗੁਰੂ ਕਬੀਰ ਜੀ



ਸਤਿਗੁਰੂ ਤ੍ਰਿਲੋਚਨ ਜੀ



ਸਤਿਗੁਰੂ ਸਧਨਾ ਜੀ



ਸਤਿਗੁਰੂ ਸੈਨ ਜੀ

# ਕਹਿ ਰਵਿਦਾਸ ਸੁਨਹੁ ਰੇ ਸੰਤਹੁ


For Whats Apps Contact : 78141-42944

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 28/ ਪਹਿਲੀ ਵਾਰ 4000/ ਫਰਵਰੀ 2016 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

## ਨਾਮਦੇਵ, ਕਬੀਰੁ, ਤ੍ਰਿਲੋਚਨੁ, ਸਧਨਾ, ਸੈਨੁ ਤਰੈ,
## ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥

**ਸਤਿਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਸੰਤ ਜਨ ਸੁਣੋ ! ਉਹ ਪ੍ਰਭ ਸਭ ਕੁਝ ਕਰ ਸਕਦਾ ਹੈ। ਮਨੁੱਖ ਨੂੰ ਕੇਵਲ ਪ੍ਰਭ ਨਾਲ ਜੁੜਨ ਤੇ ਹਿਮਤ ਕਰਨ ਦੀ ਲੋੜ ਹੈ।**

**ਸਤਿਗੁਰੂ ਸੰਤ ਨਾਮਦੇਵ ਜੀ :-** ਸਤਿਗੁਰੂ ਸੰਤ ਨਾਮਦੇਵ ਜੀ ਦਾ ਪ੍ਰਕਾਸ਼ ਸਤਿਕਾਰਯੋਗ ਪਿਤਾ ਸ੍ਰੀ ਦਾਮਸ਼ੇਟ ਜੀ ਮਾਤਾ ਸ੍ਰੀਮਤੀ ਗੋਨਾਬਾਈ ਜੀ ਦੇ ਘਰ ਮਹਾਰਾਸ਼ਟਰ ਪ੍ਰਾਂਤ ਦੇ ਜ਼ਿਲ੍ਹਾ ਸਤਾਰਾ ਦੇ ਪਿੰਡ ਵਾਮਨੀ ਵਿਖੇ ਸੰਨ 1270 ਈ. ਨੂੰ ਹੋਇਆ। ਸਤਿਗੁਰੂ ਨਾਮਦੇਵ ਜੀ ਦੇ ਵਡੇਰੇ ਛੀਂਬੇ ਸਨ ਅਤੇ ਦਰਜੀ ਦਾ ਕਿੱਤਾ ਕਰਦੇ ਸਨ। ਆਪ ਜੀ ਦੇ 62 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਪ 18 ਸਾਲ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਘੁਮਾਣ ਵਿਖੇ ਰਹੇ, ਇਥੇ ਹੀ ਸਨ 1350 ਈ: ਨੂੰ ਜੋਤੀ-ਜੋਤਿ ਸਮਾਏ।

**ਸਤਿਗੁਰੂ ਸੰਤ ਕਬੀਰ ਜੀ :-** ਸਤਿਗੁਰੂ ਸੰਤ ਕਬੀਰ ਜੀ ਦਾ ਆਗਮਨ ਬਨਾਰਸ ਦੀ ਪਾਵਨ ਧਰਤੀ 'ਤੇ ਜੇਠ ਸੁਦੀ 15 ਸੰਮਤ 1455 ਬਿਕ੍ਰਮੀ ਭਾਵ ਸੰਨ 1398 ਈ: ਨੂੰ ਹੋਇਆ। ਆਪ ਜੀ ਦੇ ਪਿਤਾ ਸਤਿਕਾਰਯੋਗ ਸ੍ਰੀ ਨੀਰੂ ਜੀ ਅਤੇ ਮਾਤਾ ਸ੍ਰੀਮਤੀ ਨੀਮਾ ਜੀ ਸਨ। ਆਪ ਜੁਲਾਹਾ ਪਰਿਵਾਰ ਵਿਚੋਂ ਸਨ। ਆਪ ਜੀ ਨੇ ਕੱਪੜਾ ਬੁਨਣ ਦਾ ਕਾਰਜ ਆਪਣੇ ਹੱਥੀਂ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 297 ਸ਼ਬਦ ਤੇ ਅਸਟਪਦੀਆਂ ਅਤੇ 243 ਸਲੋਕ ਦਰਜ ਹਨ।

**ਸਤਿਗੁਰੂ ਸੰਤ ਤ੍ਰਿਲੋਚਨ ਜੀ :-** ਸਤਿਗੁਰੂ ਸੰਤ ਤ੍ਰਿਲੋਚਨ ਜੀ ਦਾ ਪ੍ਰਕਾਸ਼ ਸੰਨ 1267 ਈ: ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਸ਼ੋਲਾਪੁਰ ਦੇ ਪਿੰਡ ਬਾਰਸੀ ਵਿਖੇ ਹੋਇਆ। ਆਪ ਵੈਸ਼ ਕੁੱਲ ਵਿਚੋਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 4 ਸ਼ਬਦ ਦਰਜ ਹਨ। ਸਤਿਗੁਰੂ ਕਬੀਰ ਜੀ ਦੇ ਸਲੋਕਾਂ ਵਿਚ ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਤ੍ਰਿਲੋਚਨ ਜੀ ਦਾ ਸੰਵਾਦ ਮਿਲਦਾ ਹੈ ਕਿ ਸਾਨੂੰ ਹੱਥੀਂ ਕਿਰਤ ਕਰਦਿਆਂ ਹੋਇਆਂ ਮਨ ਪ੍ਰਮਾਤਮਾ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ-

**"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥ ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ॥"**

**ਸਤਿਗੁਰੂ ਸੰਤ ਸਧਨਾ ਜੀ :-** ਸਤਿਗੁਰੂ ਸੰਤ ਸਧਨਾ ਜੀ ਦਾ ਜਨਮ ਸਿੰਧ (ਹੁਣ ਪਾਕਿਸਤਾਨ) ਦੇ ਪਿੰਡ ਸੇਹਵਾਨ ਵਿਚ ਹੋਇਆ। ਆਪ ਸਤਿਗੁਰੂ ਨਾਮਦੇਵ ਜੀ ਦੇ ਸਮਕਾਲੀ ਸਨ। ਪਹਿਲੋਂ ਆਪ ਕਸਾਈ ਦਾ ਕਿੱਤਾ ਕਰਦੇ ਸਨ, ਪਰ ਭਗਤੀ ਭਾਵ ਨੇ ਆਪ ਜੀ ਦਾ ਮਨ ਪਲਟ ਦਿੱਤਾ ਤੇ ਆਪ ਪ੍ਰਭ ਦੇ ਉੱਤਮ ਭਗਤ ਹੋਏ। ਆਪ ਨੇ ਫੁਰਮਾਇਆ **ਸਿੰਘ ਸਰਨ ਕਤ ਜਾਈਐ, ਜਉ ਜੰਬਕੁ ਗ੍ਰਾਸੈ॥** ਕਿ ਹੇ ਪ੍ਰਭ ! ਜੇਕਰ ਸ਼ੇਰ ਦੀ ਸ਼ਰਨ ਆਇਆਂ ਨੂੰ ਜੰਬਕ (ਗਿੱਦੜ) ਹੀ ਖਾ ਜਾਏ ਤਾਂ ਫਿਰ ਸ਼ੇਰ ਦੀ ਸ਼ਰਨ ਆਉਣ ਦਾ ਕੀ ਲਾਭ। ਇਸ ਕਰਕੇ **ਮੈ ਨਾਹੀ, ਕਛੁ ਹਉ ਨਹੀ, ਕਿਛੁ ਆਹਿ ਨ ਮੋਰਾ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥** ਸੋ, ਹੇ ਪ੍ਰਭ ! ਮੈ ਤੇਰੀ ਸ਼ਰਨ ਵਿਚ ਹਾਂ, ਮੇਰੀ ਲਾਜ ਰੱਖੀਂ।

**ਸਤਿਗੁਰੂ ਸੰਤ ਸੈਨ ਜੀ :-** ਸਤਿਗੁਰੂ ਸੰਤ ਸੈਨ ਜੀ ਦਾ ਜਨਮ 1390 ਈ: ਨੂੰ ਨਾਈ ਵੰਸ਼ ਵਿਚ ਹੋਇਆ। ਵਿਦਵਾਨ ਮੈਕਾਲਿਫ ਅਨੁਸਾਰ ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਮੁਕੰਦ ਰਾਏ ਤੇ ਮਾਤਾ ਸ੍ਰੀਮਤੀ ਜੀਵਨ ਦੇਈ ਸੀ। 10 ਸਾਲ ਦੀ ਉਮਰ ਵਿਚ ਆਪ ਆਪਣੀ ਭੂਆ ਸੋਭਾ ਦੇਵੀ ਪਾਸ ਲਾਹੌਰ ਚਲੇ ਗਏ, ਜਿਥੇ ਰਹੀਮਖਾਨ ਨਾਮੀ ਉਸਤਾਦ ਪਾਸੋਂ ਨਾਈ ਅਤੇ ਹਕੀਮੀ ਦਾ ਕੰਮ ਸਿਖਿਆ। ਆਪ ਨੇ ਬਹੁਤ ਸਮਾਂ ਬਾਂਧਵਗੜ੍ਹ (ਰੀਵਾ) ਦੇ ਬਾਦਸ਼ਾਹ ਰਾਜਾ ਰਾਮ ਦੀ ਇਕ ਨਾਈ ਵਜੋਂ ਸੇਵਾ ਕੀਤੀ। ਸਤਿਗੁਰੂ ਅਰਜਨ ਦੇਵ ਜੀ ਅਨੁਸਾਰ-

**ਸੈਨੁ ਨਾਈ ਬੁਤਕਾਰੀਆ, ਓਹ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥**

**ਮਾਸਟਰ ਰਾਮਧਨ ਨਾਂਗਲੂ (ਪ੍ਰਧਾਨ), ਨਵੀਂ ਅਬਾਦੀ ਤੋਗਪੁਰ**

**(ਜਲੰਧਰ) # 98154-85844**

# ਬੇਗਮਪੁਰਾ ਰਾਜ ਦਾ ਸੰਕਲਪ



ਰਾਮਧਨ ਨਾਂਗਲੂ-ਭੋਗਪੁਰ-ਜਲੰਧਰ
98154-85844

1. ਧਰਮ ਜਾਤਿ ਬਦਲਣਾ ਪਾਪ ਹੈ :- ਪਰਮ ਹੰਸ, ਸੰਤ ਸ਼੍ਰੋਮਣੀ ਸਦ ਗੁਰੂ ਰਵਿਦਾਸ ਜੀ ਨੇ ਭਾਰਤ ਦੇ ਕਥਿਤ ਤੌਰ 'ਤੇ ਆਪਣੇ ਆਪ ਨੂੰ ਉਚੀ ਜਾਤ ਦਾ ਵਰਣ ਨਿਰਧਾਰਨ ਕਰਨ ਤੇ ਪ੍ਰਭ ਪਰਮਾਤਮਾ ਦੀ ਭਗਤੀ ਕਰਨ ਦਾ ਏਕਾਅਧਿਕਾਰ ਆਪਣਾ ਸਮਝਣ ਵਾਲਿਆਂ ਦੇ ਹੰਕਾਰ ਨੂੰ ਚਕਨਾਚੂਰ ਕਰ ਦਿੱਤਾ। **'ਬੇਗਮਪੁਰਾ ਸਹਰ ਕੋ ਨਾਓ'** ਸ਼ਬਦ ਵਿਚ ਪ੍ਰਭ ਦੀ ਭਗਤੀ ਦਾ ਇਕ ਅਜਿਹਾ ਸਿਧਾਂਤ ਪ੍ਰਸਤੁਤ ਕੀਤਾ ਜਿਸ ਵਿਚਲੀ ਵਿਚਾਰਧਾਰਾ ਦੀ ਕੋਈ ਹੋਰ ਵਿਚਾਰਧਾਰਾ ਬਰਾਬਰੀ ਨਹੀਂ ਕਰ ਸਕੀ। ਇਹ ਵਿਚਾਰਧਾਰਾ ਇਕ ਅਧਿਆਤਮਕ ਵਿਚਾਰਧਾਰਾ ਦਾ ਦਰਪਣ ਵੀ ਹੈ ਤੇ ਇਕ ਆਦਰਸ਼ ਰਾਜਨੀਤੀ ਨੂੰ ਸੇਧ ਵੀ ਪ੍ਰਦਾਨ ਕਰਦੀ ਹੈ। ਇਸ ਸ਼ਬਦ ਦੇ ਅੰਤ ਵਿਚ "**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥**" ਵਿਚ ਆਪਣੇ ਆਪ ਨੂੰ ਚਮਾਰ ਸ਼ਬਦ ਨਾਲ ਸੰਬੋਧਨ ਕਰਕੇ ਇਹ ਵੀ ਸਿੱਧ ਕਰ ਦਿੱਤਾ ਕਿ ਪ੍ਰਮਾਤਮਾ ਆਪਣੇ ਆਪ ਨੂੰ ਉਚਾ ਸਮਝਣ ਵਾਲਿਆਂ ਦੇ ਪਿਉ ਦਾਦੇ ਦੀ ਸੰਪਤੀ ਨਹੀਂ। ਪ੍ਰਭ ਨੂੰ ਉਚ ਜਾਤੀ ਸਵੀਕਾਰ ਨਹੀਂ, ਉਸ ਨੂੰ ਪ੍ਰੇਮ ਭਾਵਨਾ ਭਾਉਂਦੀ ਹੈ। ਗੁਰੂ ਜੀ ਦੇ ਕਥਨ ਅਨੁਸਾਰ "**ਭਾਵਨ ਕੋ ਹਰਿ ਰਾਜਾ।**" ਹਰ ਇਕ ਜਗਿਆਸੂ ਪ੍ਰਭ ਤੱਕ ਰਸਾਈ ਕਰ ਸਕਦਾ ਹੈ। ਹਰ ਪੱਖੋਂ ਸਮਰੱਥ ਹੋਣ 'ਤੇ ਵੀ ਸਤਿਗੁਰੂ ਰਵਿਦਾਸ ਜੀ ਨੇ ਬਿਪਰ ਵਰਗ ਵਲੋਂ ਚਮਾਰ ਬਨਾਮ ਸ਼ੂਦਰ ਜਾਤੀ ਨੂੰ ਨੀਵੀਂ ਕਹਿਣ ਦੇ ਬਾਵਜੂਦ ਆਪਣੇ ਆਪ ਨੂੰ ਬੜੇ ਮਾਣ ਨਾਲ ਚਮਾਰ ਪੁਕਾਰਿਆ ਹੈ। ਆਪਣੀ ਰਚੀ ਬਾਣੀ ਵਿਚ ਅਨੇਕਾਂ ਵਾਰ ਆਪਣੇ ਆਪ ਨੂੰ ਚਮਾਰ ਕਹਿ ਕੇ ਸੰਸਾਰ ਨੂੰ ਆਪਣੀ ਹੋਂਦ ਸਪੱਸ਼ਟ ਰੂਪ ਵਿਚ ਪ੍ਰਚਾਰੀ। ਜੇਕਰ ਗੁਰੂ ਜੀ ਚਾਹੁੰਦੇ ਆਪਣੀ ਘਿਰਣਾ ਦੀ ਪਾਤਰ ਬਣੀ ਚਮਾਰ ਜਾਤੀ ਨੂੰ ਤਿਆਗ ਕੇ ਉੱਚ ਜਾਤੀ ਦਾ ਉੱਚਾਪਨ ਅਪਣਾ ਕੇ ਆਪ ਉੱਚਿਆਂ ਵਿੱਚ ਜਾ ਰਲਦੇ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਜਾਤੀ ਦੇ ਆਧਾਰ 'ਤੇ ਉੱਚਾ-ਨੀਵਾਂ ਹੋਣਾ ਨਕਾਰ ਦਿੱਤਾ। ਉਨ੍ਹਾਂ ਨੇ ਪ੍ਰਭ ਦਾ ਸਿਮਰਨ ਕਰਨ, ਆਪਣਾ ਆਚਰਣ ਸ਼ੁੱਧ ਰੱਖਣ, ਲੋਕ ਸੇਵਾ ਕਰਨ, ਹੱਕ ਦੀ ਕਿਰਤ ਕਰਨ ਅਤੇ ਲੋਕਾਈ ਨੂੰ ਪ੍ਰੇਮ ਕਰਨ ਦੇ ਸਿਧਾਂਤ ਨੂੰ ਉੱਚਤਾ ਦਾ ਆਧਾਰ ਬਣਾਇਆ, ਨਾ ਕਿ ਕਥਿਤ ਉੱਚ ਜਾਤੀ ਨੂੰ। ਜੇਕਰ ਸੰਤ ਸਤਿਗੁਰੂ ਰਵਿਦਾਸ ਜੀ, ਫੈਲਾਈ ਗਈ ਜਾਤੀ, ਹੀਣ ਭਾਵਨਾ ਦੀ ਕੁਚਾਲ ਵਿੱਚ ਆ ਕੇ ਆਪਣੀ ਜਾਤੀ ਜਾਂ ਧਰਮ ਪਰਿਵਰਤਨ ਕਰ ਲੈਂਦੇ ਤਾਂ ਸੰਸਾਰ ਦੇ ਬਹੁਤ ਸਾਰੇ ਸਿਧਾਂਤ ਝੂਠੇ ਹੋ ਜਾਣੇ ਸਨ। ਜਿਵੇਂ ਕਿ:- 1) ਪ੍ਰਭ ਦੇ ਨਾਮ ਦੀ ਕੋਈ ਸ਼ਕਤੀ ਹੈ। 2) ਪ੍ਰਮਾਤਮਾ ਸਭ ਨੂੰ ਬਰਾਬਰ ਪੈਦਾ ਕਰਦਾ ਹੈ। 3) ਜਾਤ ਪਾਤ ਦੀ ਵੰਡ ਸਹੀ ਨਹੀਂ ਹੈ। 4) ਚੰਗੇ ਕਰਮ ਕਰਨ ਨਾਲ ਮਨੁੱਖ ਚੰਗਾ ਬਣਦਾ ਹੈ।

ਜੇਕਰ ਸੰਤ ਸਤਿਗੁਰੂ ਰਵਿਦਾਸ ਜੀ ਮਹਾਰਾਜ ਧਰਮ ਦੀ ਬਦਲੀ ਕਰ ਲੈਂਦੇ ਤਾਂ ਇਸ ਦੀਆਂ ਬਹੁਤ ਸਾਰੀਆਂ ਹਾਨੀਆਂ ਹੋਣੀਆਂ ਸਨ, ਜਿਵੇਂ ਕਿ 1) ਭਾਰਤ ਮੂਲ ਆਦਿ ਵਾਸੀਆਂ ਦੀ ਹੋਂਦ ਸਮਾਪਤ ਹੋ ਜਾਣੀ ਸੀ। 2) ਜਾਤਿ ਪਾਤਿ ਦੀ ਘਿਰਣਾ ਵੱਧ ਜਾਣੀ ਸੀ। 3) ਜਾਤਿ ਬਦਲੀ ਇੱਕ ਪ੍ਰਥਾ ਬਣ ਜਾਣੀ ਸੀ। 4) ਪ੍ਰਮਾਤਮਾ ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਲਗ ਜਾਣਾ ਸੀ। 5) ਜਾਤੀ ਅਰਾਜਿਕਤਾ ਨਾਲ ਮਨੁੱਖੀ ਹੋਂਦ ਨੂੰ ਢਾਹ ਲੱਗ ਜਾਣੀ ਸੀ, ਆਦਿ।

**2. ਇਕ ਚਮਾਰ ਦੀ ਤਰਸਯੋਗ ਸਥਿਤੀ :-** ਗੁਰੂ ਜੀ ਨੇ ਮਾਨਵਤਾ ਵਿਰੋਧੀ ਸਮਾਜ ਵਲੋਂ ਕਥਿਤ ਤੌਰ 'ਤੇ ਨਿਸ਼ਚਿਤ ਕੀਤੀ ਗਈ ਚਮਾਰ-ਸ਼ੂਦਰ ਜਾਤੀ ਨੂੰ ਨਿਰਸੰਕੋਚ ਸਵੀਕਾਰ ਕੀਤਾ। ਸਦ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਆਪਣਾ ਜਾਤੀ ਸੂਚਕ ਚਿੰਨ੍ਹ ਜੋੜ ਕੇ ਜਾਤ-ਪਾਤ ਦੀ ਹਮਾਇਤ ਨਹੀਂ ਕੀਤੀ। ਹਮਾਇਤ ਤਾਂ ਹੀ ਹੁੰਦੀ ਜੇ ਕਰ ਇਹ ਚਮਾਰ ਜਾਤੀ ਉਚੀ ਜਾਤੀ ਹੁੰਦੀ। ਇਕ ਤਾਂ ਉਹ ਕਥਿਤ ਨੀਵੀਂ ਜਾਤੀ ਸਮਝੀ ਜਾਂਦੀ ਸੀ ਜਿਸ ਦਾ ਛਾਇਆ ਤਕ ਉਚੀ ਜਾਤੀ ਦੇ ਲੋਕਾਂ ਦੇ ਸਰੀਰਾਂ 'ਤੇ ਪੈ ਜਾਣ 'ਤੇ ਉਨ੍ਹਾਂ ਦੀ ਉਚਤਾ ਨੂੰ ਨਸ਼ਟ ਕਰ ਦਿੰਦਾ ਸੀ, ਏਨਾ ਸ਼ਕਤੀਸ਼ਾਲੀ ਹੁੰਦਾ ਸੀ ਚਮਾਰ ਸ਼ੂਦਰ ਦਾ ਪਰਛਾਵਾਂ ਜੋ ਐਟਮ ਬੰਬ ਦੇ ਧੂੰਏਂ ਤੋਂ ਵੀ ਵਧ ਮਾਰੂ ਹੁੰਦਾ ਸੀ। ਸ਼ੂਦਰ ਨਾਲ ਮਿਲਾਪ ਦੀ ਗੱਲ ਲੱਖਾਂ ਵਰ੍ਹੇ ਜਾਂ ਕਰੋੜਾਂ ਮੀਲਾਂ ਦੂਰ ਦੀ ਹੋ ਗਈ ਸੀ। ਇਕ ਸ਼ੂਦਰ ਦਾ ਪ੍ਰਭੂ ਭਗਤੀ ਕਰਨਾ, ਭਜਨ ਬੰਦਗੀ ਕਰਨਾ, ਧਰਮ ਗਿਆਨ ਪੜ੍ਹਨਾ, ਸੁਨਣਾ, ਵਿਦਿਆ ਪੜ੍ਹਨਾ, ਧਨ ਇਕੱਠਾ ਕਰਨਾ, ਇਸ ਸਮਾਜ ਨੂੰ ਕਠੋਰਤਾ ਨਾਲ ਮਨਾਹੀ ਕੀਤੀ ਗਈ ਸੀ। ਇਨ੍ਹਾਂ ਰੋਕਾਂ ਤੋਂ ਬਿਨਾਂ ਬਹੁਤ ਸਾਰੀਆਂ ਹੋਰ ਮਾਨਵਤਾ ਰਹਿਤ ਰੋਕਾਂ ਵੀ ਸਨ ਜਿਵੇਂ ਸੜਕਾਂ 'ਤੇ ਚੱਲਣ ਸਮੇਂ ਪੈੜਾਂ ਮਿਟਾਉਣ ਲਈ ਛਾਪੇ ਬਨਣੇ, ਥੁੱਕ ਸੁਟਣ ਲਈ ਗਲ ਵਿਚ ਕੁੱਜਾ ਬਨਣਾ, ਸਾਵਧਾਨ ਕਰਨ ਦੀਆਂ ਅਵਾਜ਼ਾਂ ਦੇਣੀਆਂ ਕਿ ਸ਼ੂਦਰ ਆ ਰਿਹਾ, ਚੰਗਾ ਘਰ, ਕੱਪੜਾ, ਚੰਗੇ ਭੋਜਨ ਕਰਨ ਦੀ ਮਨਾਹੀ, ਕਥਿਤ ਉਚ ਵਰਗ ਦੀ ਨਿਸ਼ੁਲਕ ਜਬਰੀ ਸੇਵਾ ਕਰਨਾ ਭਾਵ ਦਾਸਤਾ ਦੀ ਪੰਜਾਲੀ ਪਾਈ ਰੱਖਣੀ। ਇਨ੍ਹਾਂ ਸਥਿਤੀਆਂ ਵਿਚ ਵੀ ਸੰਤ ਸਦ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਜਾਤੀ ਤੇ ਧਰਮ ਵਿਚ ਪੂਰਨ ਦ੍ਰਿੜਤਾ ਰੱਖੀ। ਉਸ ਵਰਗ ਦੇ ਤਸੀਹੇ ਤੇ ਅਪਮਾਨ ਸਹਿਣ ਕਰਕੇ ਵੀ, ਬੜੇ ਗੌਰਵ ਨਾਲ ਕਿਹਾ ਹਾਂ! ਮੈਂ ਚਮਾਰ ਹਾਂ। ਇਨ੍ਹਾਂ ਦੀ ਇਸ ਗੌਰਵਮਈ ਪ੍ਰਬਲ ਭਾਵਨਾ ਕਾਰਨ ਕਈ ਸੰਤਾਂ ਮਹਾਂਪੁਰਖਾਂ ਨੇ ਜਾਤਿ-ਪਾਤਿ ਦੀ ਲਾਹਨਤ ਨੂੰ ਲਾਹਨਤਾਂ ਪਾਈਆਂ। ਸੰਤ ਸਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਦਾ ਪੂਰਨ ਸਾਥ ਦਿੰਦੇ ਹੋਏ ਬੜੀ ਭਾਵਨਾ ਭਰਪੂਰ ਲਲਕਾਰ ਵਿਚ ਬੜੇ ਅਰਥ ਭਰਪੂਰ ਇਸ ਪ੍ਰਕਾਰ ਬਚਨ ਉਚਾਰਨ ਕੀਤੇ–

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**

**3. ਸਦ ਗੁਰੂ ਰਵਿਦਾਸ ਜੀ ਨੇ ਆਪਣੀ ਧਰਮ ਜਾਂ ਜਾਤ ਕਿਉਂ ਨਾ ਬਦਲੀ :-** ਸੰਤ ਸਦ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਜਾਤਿ ਜਾਂ ਧਰਮ ਬਦਲੀ ਕਿਉਂ ਨਾ ਕੀਤੀ। ਇਹ ਇਨ੍ਹਾਂ ਦਾ ਸਾਹਸੀ, ਵੀਰਤਾ ਤੇ ਅਣਖ ਭਰਪੂਰ ਨਿਰਣਾ ਸੀ। ਜੇਕਰ ਅਜਿਹਾ ਕਰਦੇ ਤਾਂ ਜਾਤੀ ਫੁੱਟ ਪੈ ਜਾਂਦੀ, ਜਾਤੀਪਨ ਭਾਵਨਾ ਹੋ ਜਾਂਦੀ, ਉਚਤਾ ਦਾ ਹੰਕਾਰ ਹੋ ਜਾਂਦਾ, ਆਪਣੇ ਭਾਈਚਾਰੇ ਨਾਲ ਧਰੋਹ ਹੁੰਦਾ, ਹਰ ਇਕ ਨੂੰ ਆਪਣੇ ਆਪ ਨਾਲ ਘਿਰਣਾ ਹੋ ਜਾਂਦੀ, ਜਾਤੀ ਵੰਡੀ ਜਾਂਦੀ। ਇਸ ਨਾਲ ਕਈ ਪ੍ਰਕਾਰ ਦੇ ਲਾਭ ਹੋਏ। ਜਾਤੀ ਪ੍ਰੇਮ ਵਧਿਆ, ਜਾਤੀ ਏਕਤਾ ਬਣੀ ਰਹੀ, ਜਾਤਿ ਪਾਤਿ ਦਾ ਖੰਡਣ ਹੋਇਆ, ਹੀਣ ਭਾਵਨਾ ਨਹੀਂ ਰਹੀ, ਮੂਲ ਵਾਸੀਆਂ ਦੀ ਹੋਂਦ ਬਣੀ ਰਹੀ, ਦਾਸਤਾ ਦੀ ਜੜ੍ਹ ਪੁਟੀ ਗਈ, ਮੂਲ ਵਾਸੀਆਂ ਦੀ ਸ਼ੁਧਤਾ ਬਣੀ ਰਹੀ। ਗੁਰੂ ਜੀ ਦਾ ਜਾਤਿ ਨਾ ਬਦਲਣ ਦਾ ਮੂਲ ਰੂਪ ਵਿਚ ਲਾਭ ਇਹ ਹੋਇਆ ਕਿ ਵਰਤਮਾਨ ਵਿਚ ਜੋ ਕੌਮ ਵਿਚ ਜਾਗ੍ਰਤੀ ਆ ਰਹੀ ਹੈ ਉਹ ਨਾ ਆਉਂਦੀ। ਮੁੜ ਭਾਰਤ ਦੇ ਮਾਲਕ ਬਨਣ ਦੇ ਲਈ "ਬੇਗਮਪੁਰਾ ਰਾਜ ਦਾ ਸੰਕਲਪ" ਲੈਣ ਦਾ ਸੁਪਨਾ ਨਹੀਂ ਆਉਣਾ ਸੀ।

**4. ਧਰਮ ਕਰਮ ਨਾ ਬਦਲਣ ਤੇ ਸਦ ਗੁਰੂ ਰਵਿਦਾਸ ਜੀ ਦੀ ਪ੍ਰਸ਼ੰਸਾ :-** ਸ੍ਰੀ ਸੰਤ ਸਦ ਗੁਰੂ ਰਵਿਦਾਸ ਮਹਾਰਾਜ ਜੀ ਨੇ ਚਮਾਰ-ਸ਼ੂਦਰ ਵਰਗ ਦੇ ਜੀਵਨ ਨੂੰ ਹੰਕਾਰੀ ਉਚ ਵਰਗ ਵਲੋਂ ਭੈੜੇ ਤੋਂ ਭੈੜੇ ਜੀਵਨ ਬਿਤਾ ਰਹੇ ਜੀਵਨ ਨਾਲੋਂ ਵੀ ਭੈੜੀ ਜ਼ਿੰਦਗੀ ਦਿਤੀ ਸੀ, ਪਰ ਫਿਰ ਵੀ ਅੰਤਾਂ ਦੀਆਂ ਤੰਗੀਆਂ ਕਟਣ

'ਤੇ ਵੀ ਗੁਰੂ ਜੀ ਨੇ ਧਰਮ ਨਹੀਂ ਬਦਲਿਆ। ਇਸ ਦ੍ਰਿੜ੍ਹ, ਅਨੋਖੇ, ਅਣਖੀ ਭਾਵ ਨੂੰ ਲੋਕਾਂ ਨੇ ਬਹੁਤ ਸਲਾਹਿਆ। ਇਸ ਵਿਚਾਰ ਦੀ ਸਮਾਜ ਵਿਚ ਬਹੁਤ ਆਓ ਭਗਤ ਹੋਈ, ਜੋ ਚਮਾਰ ਜਾਤੀ, ਕਦੇ ਘਿਰਣਾ ਦਾ ਪਾਤਰ ਹੁੰਦੀ ਸੀ, ਅੱਜ ਸਮਾਜ ਇਸ ਨੂੰ ਸਤਿਕਾਰਨ ਲਗ ਗਿਆ। ਏਹੋ ਕਾਰਨ ਹੈ ਕਿ ਸ੍ਰੀ ਸੰਤ ਸਦ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੀਂ ਜੋਤ ਸਦ ਗੁਰੂ ਅਰਜਨ ਦੇਵ ਜੀ ਤਕ ਸਾਰੇ ਮਹਾਂਪੁਰਖਾਂ ਨੇ ਸੰਤ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਬੜੇ ਸਤਿਕਾਰ ਨਾਲ ਸੰਭਾਲਿਆ। ਫਿਰ ਸੰਨ 1604 ਈ: **"ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"** ਦੀ ਸੰਪਾਦਨਾ ਵੇਲੇ ਸੰਤ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਰਸ ਬਾਣੀ ਨੂੰ ਇਸ ਦੇ ਰਚਨਹਾਰੇ ਸ਼ੂਦਰ ਚਮਾਰ ਨੂੰ ਇਸ ਦੇ ਚਮਾਰ ਰੂਪ ਵਿਚ ਮਾਣ ਤੇ ਸਤਿਕਾਰ ਨਾਲ ਪਾਵਨ ਗ੍ਰੰਥ ਵਿਚ ਬਾਕੀ ਸਭ ਸੰਤਾਂ, ਗੁਰੂਆਂ, ਭਗਤਾਂ ਤੇ ਮਹਾਂਪੁਰਖਾਂ ਦੇ ਬਰਾਬਰ ਹੀ ਸਥਾਨ ਦੇ ਕੇ ਸਤਿਕਾਰਿਆ।

5. **ਧਰਮ ਨਿਭਾਅ ਰਿਹਾ ਸਮਾਜ :-** ਧਰਮ ਕੀ ਹੈ? ਉਹ ਧਰਮ ਜੋ ਲੋਕ ਪਰਲੋਕ ਵਿਚ ਸੁਖ ਦੀ ਪ੍ਰਾਪਤੀ ਲਈ ਕੀਤਾ ਜਾਵੇ, ਧਰਮ ਤੋਂ ਭਾਵ ਮਨੁੱਖ ਦੀ ਉਹ ਰੁਚੀ ਜੋ ਉਸ ਵਿਚ ਸਦਾ ਬਣੀ ਰਹੇ ਤੇ ਉਸ ਤੋਂ ਕਦੇ ਵੀ ਜੁਦਾ ਨਾ ਹੋਵੇ, ਪ੍ਰਾਕ੍ਰਿਤਿਕ ਸੁਭਾਅ, ਸਤਿਕਰਮ, ਅੰਤਹਿਕਰਨ ਲਈ ਸੰਤੁਸ਼ਟੀ। ਸ਼ਬਦ ਧਰਮ, ਸੰਸਕ੍ਰਿਤ ਭਾਸ਼ਾ ਦੇ ਧ੍ਰਿ ਧਾਤੂ (ਅਰਬੀ =ਮਸਦਰ) ਤੋਂ ਪ੍ਰਾਪਤ ਹੋਇਆ ਹੈ। ਇਸ ਦੇ ਅਰਥ ਹਨ, ਧਾਰਣ ਕਰਨਾ, ਰਖਣਾ ਜਾਂ ਸਹਾਰਾ ਦੇਣਾ। ਬੀਤਿਆ ਸਮਾਂ ਇਸ ਗਲ ਦਾ ਸਾਕਸ਼ੀ ਹੈ ਕਿ ਭਾਰਤ ਦੇ ਲਤਾੜੇ ਗਏ ਭਾਰਤ ਦੇ ਮੂਲ ਨਿਵਾਸੀ ਚਮਾਰ ਸ਼ੂਦਰਾਂ ਨੇ ਮਾੜੇ ਦਿਨ ਕਟ ਲਏ, ਅੰਤਾਂ ਦੀ ਗਰੀਬੀ ਪਿੰਡੇ ਹੰਡਾਅ ਲਈ ਪਰ ਆਪਣਾ ਧੀਰਜ ਨਹੀਂ ਛੱਡਿਆ। ਆਪਣੀ ਜੀਵਕਾ ਦੇ ਲਈ ਛਲ ਕਪਟ, ਧੋਖਾ, ਝੂਠ ਆਦਿ ਕਿਸੇ ਦਾ ਵੀ ਆਸਰਾ ਨਹੀਂ ਲਿਆ। ਧਰਮ, ਧੀਰਜ ਤੇ ਧਿਆਨ ਦਾ ਪੱਲਾ ਫੜ ਕੇ ਧੁੱਪ ਤੇ ਧੂੜ ਫਕਦੇ ਹੋਏ ਡੱਟ ਕੇ ਪਸੀਨਾ ਵਹਾ ਮਿਹਨਤ ਕੀਤੀ ਤੇ ਪ੍ਰਭੂ ਧਿਆਇਆ। ਕਸੀਸ ਵੱਟ ਕੇ ਸਾਰੇ ਸੰਸਾਰ ਦਾ ਦੁੱਖ ਸਹਿ ਗਏ। ਪਰ ਆਪਣੇ ਨੇੜੇ ਹੀਨਭਾਵਨਾ ਨੂੰ ਭਟਕਣ ਨਹੀਂ ਦਿੱਤਾ, ਸਗੋਂ ਇਹ ਵੀਰਤਾ ਵਿਖਾਈ ਕਿ ਪੇਟ ਪੂਰਤੀ ਲਈ ਭੀਖ ਮੰਗਣੇ ਨਹੀਂ ਬਣੇ ਅਤੇ ਨਾ ਹੀ ਚੋਰੀ, ਡਾਕਾ ਠੱਗੀ ਕਰਨ ਵਾਲੇ ਜ਼ੁਰਾਇਮ ਪੇਸ਼ਾ ਬਣੇ। ਅਸੀਂ ਢੰਡੋਰਾ ਪਿਟ ਕੇ ਕਹੇ ਜਾਂਦੇ ਸਾਰੇ ਸ਼ੂਦਰ ਵਰਗ ਨੂੰ ਬੇਨਤੀ ਕਰਦੇ ਹਾਂ, "ਕਿ ਆਪਣੇ ਵਿਚੋਂ ਹੀਣਭਾਵਨਾ ਨੂੰ ਤਿਆਗ ਕੇ ਆਪਣੇ ਆਤਮ ਗੌਰਵ ਦੀ ਰਾਖੀ ਲਈ ਇਕਜੁਟ ਹੋ ਜਾਓ। ਵੱਖ-ਵੱਖ ਡੇਰੇ, ਵੱਖ-ਵੱਖ ਗ੍ਰੰਥ ਤੇ ਵੱਖ-ਵੱਖ ਧਰਮ ਬਣਾ ਕੇ ਆਪਣੀਆਂ ਵੰਡੀਆਂ ਨਾ ਪਾਓ। ਸਗੋਂ ਇਕ ਰੂਪ ਹੋ ਕੇ ਆਪਣਾ ਖੁਸਿਆ ਹੋਇਆ ਦੇਸ਼ ਤੇ ਇਸ ਦਾ ਰਾਜ ਆਪਣੇ ਹੱਥਾਂ ਵਿਚ ਲੈ ਕੇ ਬੇਗਮਪੁਰਾ ਰਾਜ ਦੀ ਸਥਾਪਨਾ ਕਰੀਏ। ਹੀਣਭਾਵਨਾ ਦਾ ਤਿਆਗ ਹੀ ਸਾਡੀ ਹੋਂਦ ਨੂੰ ਬਣਾਈ ਰੱਖਣ ਦਾ ਇਕ ਪ੍ਰਬਲ ਸਾਧਨ ਹੈ। ਏਹੋ ਸਾਡੀ ਸ਼ਕਤੀ ਹੈ, ਸਾਡੀ ਏਕਤਾ ਹੈ, ਉਨਤੀ ਹੈ, ਅਧਿਕਾਰ ਹੈ, ਕਰਤੱਵ, ਰਾਜਨੀਤੀ, ਸੰਪਤੀ, ਵਿੱਦਿਆ, ਅਣਖ ਤੇ ਜੀਵਨ ਪ੍ਰਾਣ ਹੈ। ਸੁੰਗਧ ਖਾਈਏ ਕਿ ਧਰਮ ਬਦਲੀ ਨਹੀਂ ਕਰਨੀ। ਸੰਕਲਪ ਕਰੀਏ ਕਿ ਧਰਮ, ਕਰਮ, ਨੇਕੀ, ਸੱਚਾਈ ਤੇ ਸਖਤ ਮਿਹਨਤ ਕਰਕੇ ਆਪਣੇ ਧਰਮ ਜਾਂ ਜਾਤ ਦਾ ਸਨਮਾਨ ਵਧਾਈਏ ਤਾਂ ਜੋ ਸੁੰਦਰ ਬੇਗਮਪੁਰਾ ਉਸਾਰਿਆ ਜਾ ਸਕੇ।" ਮੁੜ ਭਾਰਤ ਦੇ ਸ਼ੁਦ+ਰੁਦਰ ਬਣੀਏ। ਉਪਰੋਕਤ ਸਭ ਕੁਝ ਦੀ ਪ੍ਰਾਪਤੀ ਦੇ ਲਈ ਕੇਵਲ ਤੇ ਕੇਵਲ ਇਕੋ ਸਾਧਨ ਦੀ ਲੋੜ ਹੈ।

**"ਸਰਵ ਪ੍ਰਮਾਣਿਤ ਸਾਂਝਾ ਬੋਹਿਥ (ਬੋਹਿਤ)॥"**

**ਸ੍ਰੀ ਗੁਰੂ ਰਵਿਦਾਸ ਜੀ**
**ਦਾ ਅਗਲਾ ਪ੍ਰਕਾਸ਼ ਦਿਹਾੜਾ**
**10 ਫਰਵਰੀ 2017 ਸ਼ੁੱਕਰਵਾਰ**

# ਸ੍ਰੀ ਗੁਰੂ ਰਵਿਦਾਸ ਜੀ ਦਾ ਵਿਆਹ

ਪ੍ਰੋ. ਲਾਲ ਸਿੰਘ ਐਡਵੋਕੇਟ ਲੁਧਿਆਣਾ
(ਆਦਿ ਧਰਮ ਅਨਮੋਲ ਰਤਨ)
94175-57751

ਗੁਰੂ ਰਵਿਦਾਸ ਜੀ ਦੀ ਉਮਰ 14 ਕੁ ਸਾਲ ਦੀ ਸੀ, ਜਦੋਂ ਉਨ੍ਹਾਂ ਨੂੰ ਪ੍ਰਭ ਨਾਲ ਅਥਾਹ ਪਿਆਰ ਹੋ ਗਿਆ। ਪਦਾਰਥਕ ਲਾਲਚ ਉਨ੍ਹਾਂ ਦੇ ਚਿੱਤ ਚੇਤੇ ਵੀ ਨਹੀਂ ਸਨ। ਇਸ ਬਾਲ਼ੀ ਉਮਰ ਅਤੇ ਚੜ੍ਹਦੀ ਜਵਾਨੀ ਵਿਚ ਸਾਰੇ ਦੁਨਿਆਵੀ ਰਿਸ਼ਤੇ ਫਿੱਕੇ ਲੱਗਣ ਲੱਗੇ, ਬੇਅਰਥ ਭਾਸਣ ਲੱਗ ਪਏ। ਗੁਰੂ ਜੀ ਨੇ ਵੱਡੇ ਹੋ ਕੇ ਵਪਾਰ ਵੀ ਕੀਤਾ, ਪਰ ਸਭ ਬੇਅਰਥ। ਕਿਉਂਕਿ ਉਨ੍ਹਾਂ ਦਾ ਚਿੱਤ ਪਦਾਰਥਕ ਲਾਲਚਾਂ ਵਿਚ ਨਹੀਂ ਸੀ ਲੱਗ ਰਿਹਾ, ਉਹ ਤਾਂ ਪ੍ਰਭ-ਪ੍ਰੇਮ ਵਿਚ ਆਪਣੇ ਆਪ ਨੂੰ ਹੀ ਭੁੱਲ ਚੁੱਕੇ ਸਨ। ਅਜਿਹੀ ਹਾਲਤ ਦੇਖ ਕੇ ਗੁਰੂ ਰਵਿਦਾਸ ਜੀ ਦੇ ਮਾਂ-ਬਾਪ ਬਹੁਤ ਚਿੰਤਤ ਹੋ ਗਏ। ਉਹ ਮਾਂ-ਪਿਉ ਪ੍ਰਤੀ ਆਪਣਾ ਫ਼ਰਜ਼ ਬਾਖ਼ੂਬੀ ਨਿਭਾਉਂਦੇ ਸਨ, ਪਰ ਉਨ੍ਹਾਂ ਨੂੰ ਮਾਂ-ਪਿਉ ਅਤੇ ਹੋਰ ਰਿਸ਼ਤੇਦਾਰਾਂ ਨਾਲ ਮੋਹ ਨਹੀਂ ਸੀ। ਉਹ ਦਨੀਆ ਦੇ ਰਿਸ਼ਤਿਆਂ ਅਤੇ ਦੁਨਿਆਵੀ ਪਦਾਰਥਕ ਲਾਲਚਾਂ ਤੋਂ ਅਭਿੱਜ ਸਨ। ਇਸ ਦੀ ਗਵਾਹੀ ਅਨੰਤ ਦਾਸ ਵੈਸ਼ਨਵ, ਜਿਨ੍ਹਾਂ ਦਾ ਜਨਮ 1600 ਬਿ. ਵਿਚ ਹੋਇਆ ਅਰਥਾਤ ਗੁਰੂ ਜੀ ਦੇ ਦਿਹਾਂਤ ਤੋਂ ਕੇਵਲ ਸੋਲ੍ਹਾਂ ਸਾਲ ਪਿਛੋਂ ਹੀ ਹੋਇਆ - ਲਿਖਦੇ ਹਨ :

**ਸਮਾਏ ਸਾਤ ਔਰੋ ਚਲ ਗਈਯਾ॥ ਬਹੁਤ ਪ੍ਰੀਤ ਕੇਸੋ ਸਿਉ ਭਈਯਾ॥**
**ਬਾਲਾਪਨ ਤੇ ਕਹਤੇ ਨੀਕੋ॥ ਸਬ ਹੀ ਕੁਟੰਬਹਿ ਲਾਗੋ ਫੀਕੋ॥**

ਮਾਂ-ਪਿਉ ਦੀ ਚਿੰਤਾ ਨੇ ਗੁਰੂ ਰਵਿਦਾਸ ਜੀ ਦੇ ਵਿਆਹ ਕਰਨ ਬਾਰੇ ਸੋਚਣ 'ਤੇ ਮਜਬੂਰ ਕਰ ਦਿੱਤਾ। ਉਨ੍ਹਾਂ ਸਮਿਆਂ ਵਿਚ ਬੱਚਿਆਂ ਦਾ ਵਿਆਹ 14-15 ਸਾਲ ਦੀ ਉਮਰ ਵਿਚ ਕਰਨ ਦਾ ਰਿਵਾਜ ਸੀ। ਮਾਂ-ਪਿਉ ਦਾ ਵਿਚਾਰ ਸੀ ਕਿ ਵਿਆਹ ਪਿਛੋਂ (ਗੁਰੂ) ਰਵਿਦਾਸ ਦੁਨਿਆਵੀ ਰੁਝੇਵਿਆਂ ਅਤੇ ਪਦਾਰਥਕ ਲਾਲਚਾਂ ਵਿਚ ਲੁਪਤ ਹੋ ਜਾਵੇਗਾ। ਦੂਜੇ ਗੁਰੂ ਰਵਿਦਾਸ ਜੀ ਨੂੰ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਦੀ ਰੁਚੀ ਨੂੰ ਵਪਾਰ ਵੱਲ ਮੋੜਨ ਦਾ ਯਤਨ ਕੀਤਾ। ਗੁਰੂ ਜੀ ਪਿਤਾ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਵਪਾਰਕ ਧੰਧਾ ਕਰਦੇ ਵੀ ਸਨ।

ਆਖਰ ਬਿ. 1446 ਨੂੰ 14 ਸਾਲ ਦੀ ਉਮਰ ਵਿਚ ਗੁਰੂ ਰਵਿਦਾਸ ਜੀ ਦਾ ਵਿਆਹ ਗਾਜ਼ੀਪੁਰ ਵਿਖੇ ਭਗਵਤ ਲੋਨਾ ਨਾਂਅ ਦੀ ਸੁਸ਼ੀਲ ਕੰਨਿਆ ਨਾਲ ਕਰ ਦਿੱਤਾ। ਪਰ ਗੁਰੂ ਰਵਿਦਾਸ ਜੀ ਦੇ ਸੁਭਾਅ ਅਤੇ ਕੰਮਕਾਜ ਵਿਚ ਕਿਸੇ ਕਿਸਮ ਦਾ ਅੰਤਰ ਨਹੀਂ ਆਇਆ। ਉਹ ਪਹਿਲਾਂ ਵਾਂਗ ਹੀ ਹਰ ਜ਼ਰੂਰਤਮੰਦ ਦੀ ਜ਼ਰੂਰਤ ਪੂਰੀ ਕਰਦੇ ਸਨ। ਗੁਰੂ ਜੀ ਦੇ ਪਿਤਾ ਜੀ ਨੇ ਵਪਾਰ 'ਚ ਨੁਕਸਾਨ ਹੁੰਦਿਆਂ ਵੇਖ ਕੇ ਗੁਰੂ ਰਵਿਦਾਸ ਜੀ ਨੂੰ ਘਰ ਨਾਲੋਂ ਵੱਖ ਕਰ ਦਿੱਤਾ ਅਤੇ ਪਛਵਾੜੇ ਇਕ ਝੌਂਪੜੀ ਪਾ ਦਿੱਤੀ। ਸੰਤ ਅਨੰਤ ਦਾਸ ਵੈਸ਼ਨਵ ਲਿਖਦੇ ਹਨ ਕਿ ਵਪਾਰ ਦੀ ਵੰਡ ਵੇਲੇ ਜਿੰਨਾ ਹਿਸਾ ਗੁਰੂ ਜੀ ਦਾ ਬਣਦਾ ਸੀ, ਉਹ ਵੀ ਨਾ ਦਿੱਤਾ। ਮਾਂ-ਬਾਪ ਸੋਚਦੇ ਸਨ ਕਿ ਇਸ ਨੂੰ ਕੁਝ ਵੀ ਦੇਣ ਦਾ ਫਾਇਦਾ ਨਹੀਂ, ਕਿਉਂਕਿ ਜੋ ਕੁਝ ਵੀ ਇਸ ਪਾਸ ਹੋਵੇਗਾ, ਇਸ ਨੇ ਲੋਕਾਂ ਨੂੰ ਹੀ ਲੁਟਾ ਦੇਣਾ ਹੈ।

ਪਰ ਗੁਰੂ ਜੀ ਵੱਖਰੇ ਹੋਣ ਪਿਛੋਂ ਸਿੱਧੇ ਬਾਜ਼ਾਰ ਵਿਚੋਂ ਚਮੜਾ ਖਰੀਦ ਕੇ ਬਹੁਤ ਹੀ ਸੁੰਦਰ ਜੁੱਤੀਆਂ ਬਣਾਉਂਦੇ ਸਨ। ਉਨ੍ਹਾਂ ਦੇ ਘਰ ਦੀ ਆਈ-ਚਲਾਈ ਹੀ ਚਲਦੀ ਸੀ ਭਾਵ ਘਰ ਦਾ ਗੁਜ਼ਾਰਾ ਹੀ ਚੱਲਦਾ ਸੀ

ਪਰ ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਆਪਣੇ ਕੀਤੇ ਕਰਮਾਂ ਨੂੰ ਨਹੀਂ ਸੀ ਕੋਸਿਆ। ਉਹ ਅਤੇ ਉਨ੍ਹਾਂ ਦੀ ਧਰਮ ਪਤਨੀ ਇਸ ਅਵਸਥਾ ਵਿਚ ਵੀ ਸੰਤੁਸ਼ਟ ਅਤੇ ਅਨੰਦਤ ਸਨ। ਇਸ ਬਾਰੇ ਸੰਤ ਅਨੰਤ ਦਾਸ ਵੈਸ਼ਨਵ ਲਿਖਦੇ ਹਨ:

**ਬਡੋ ਭਯੋ ਤਬ ਬਪਾਰੇ ਕੀਨੋ॥ ਬਾਟੇ ਆਵਤ ਬਾਟਿ ਨ ਦੀਨੋ॥**

**ਰਾਖਯੋ ਬਾਖਰ ਕੇ ਪਛਿਵਾਰੇ॥ ਕਛੁ ਨ ਕਹਿਯੋ ਰੈਦਾਸ ਬਿਚਾਰੇ॥**

**ਸੀਧੋ ਚਾਮ ਮੋਲ ਲੈ ਆਵੈ॥ ਤਾ ਕੀ ਪਨਹੀ ਭਲੀ ਬਨਾਵੈ॥**

**ਟੂਟੇ ਫਾਟੇ ਜਰਬਾ ਜੋਰੈ॥ ਮਸਤਕ ਕੂ ਕਾਹੂੰ ਨ ਨਿਹੋਰੈ॥**

ਅਜਿਹਾ ਵਰਤਾਰਾ ਚਲਦਿਆਂ ਗੁਰੂ ਰਵਿਦਾਸ ਜੀ ਦੀ ਉਮਰ ਇੱਕੀ ਸਾਲ ਦੀ ਹੋ ਗਈ। ਪ੍ਰਭ ਨਾਲ ਡੂੰਘਾ ਪ੍ਰੇਮ ਪੈ ਗਿਆ। ਪ੍ਰਭ ਪ੍ਰਾਪਤੀ ਹੋ ਗਈ। ਗੁਰੂ ਜੀ ਅਤੇ ਪ੍ਰਭ ਇਕਮਿੱਕ ਹੋ ਗਏ। ਗੁਰੂ ਜੀ ਦਾ ਪ੍ਰੇਮ ਪ੍ਰਭ ਨਾਲ ਐਨਾ ਵਧ ਗਿਆ ਕਿ ਪ੍ਰਭ ਨੂੰ ਗੁਰੂ ਜੀ ਛੱਡਣਾ ਔਖਾ ਹੋ ਗਿਆ। ਦੂਜੇ ਅਰਥਾਂ ਵਿਚ ਗੁਰੂ ਜੀ ਨੇ ਪ੍ਰਭ ਨੂੰ ਕੈਦ ਕਰ ਲਿਆ। ਵੈਸ਼ਨਵ ਜੀ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਇੱਕੀ ਸਾਲ ਦੀ ਉਮਰ ਵਿਚ ਹੀ ਪ੍ਰਭ ਨੂੰ ਕੈਦ ਕਰ ਲਿਆ ਸੀ:

**ਬਰਖ ਸਾਤ ਐਸੀ ਬਿਧਿ ਗਈਯਾ॥ ਕਸਨੀ ਬਹੁਤ ਸਰੀਹਾਂ ਭਈਯਾ॥**

ਗੁਰੂ ਰਵਿਦਾਸ ਜੀ ਨੇ ਪ੍ਰਭ ਪ੍ਰਾਪਤੀ 1454 ਬਿ. ਵਿਚ ਕਰ ਲਈ ਸੀ। ਇਸ ਤੱਥ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਦੀ ਸੁਪਤਨੀ ਨੇ ਆਪਣੇ ਪਤੀ ਦੀ ਭਗਤੀ ਵਿਚ ਵਿਘਨ ਨਹੀਂ ਪੈਣ ਦਿੱਤਾ, ਸਗੋਂ ਪ੍ਰਭ-ਪ੍ਰਾਪਤੀ ਲਈ ਗੁਰੂ ਜੀ ਨੂੰ ਅਨੁਕੂਲ ਵਾਤਾਵਰਨ ਪੈਦਾ ਕਰੀ ਰੱਖਿਆ। ਇਹ ਮਹਾਨ ਕੰਮ, ਰੂਹਾਨੀਅਤ ਨਾਲ ਪ੍ਰਕਾਸ਼ਮਾਨ ਉੱਚੇ ਪਵਿੱਤਰ ਆਚਰਣ ਵਾਲੀ ਸੁਪਤਨੀ ਤੋਂ ਬਿਨ੍ਹਾਂ ਸੰਭਵ ਨਹੀਂ ਸੀ। ਇਹੋ ਹੀ ਕਾਰਣ ਹੈ ਕਿ ਸਾਹਿਤਕਾਰਾਂ ਅਤੇ ਬਿਗਸ ਵਰਗੇ ਇਤਿਹਾਸਕ ਖੋਜੀ ਸਾਹਿਤਕਾਰ ਨੇ ਗੁਰੂ ਜੀ ਦੀ ਧਰਮ ਪਤਨੀ ਨੂੰ 'ਭਗਵਤ' ਵਰਗੇ ਰੂਹਾਨੀਅਤ ਯੁਕਤ ਸ਼ਬਦ ਨਾਲ ਸਤਿਕਾਰਤ ਕੀਤਾ ਹੈ (ਸੰਬੋਧਨ ਕੀਤਾ ਹੈ)। ਇਸ ਤਰ੍ਹਾਂ ਇਹ ਪਰਪੱਕਤਾ ਨਾਲ ਦ੍ਰਿੜ੍ਹ ਹੋ ਗਿਆ ਹੈ ਕਿ ਉਨ੍ਹਾਂ ਦੀ ਧਰਮੀ ਪਤਨੀ ਨੇ ਪੂਰੇ ਤਨ, ਮਨ ਅਤੇ ਪਵਿੱਤਰ ਭਾਵਨਾ ਨਾਲ, ਸੰਪੂਰਨ ਰੂਪ ਵਿਚ ਸਮਰਪਤ ਹੋ ਕੇ ਹਰ ਖੇਤਰ ਵਿਚ, ਉਨ੍ਹਾਂ ਦਾ ਸਾਥ ਦਿੱਤਾ, ਸੇਵਾ ਕੀਤੀ।

ਇਸ ਤੋਂ ਇਹ ਵੀ ਸਾਬਤ ਹੋ ਗਿਆ ਹੈ ਕਿ ਜਦੋਂ ਗੁਰੂ ਰਵਿਦਾਸ ਜੀ ਨੇ ਸੁਹਾਗਣ ਦੀ ਪਰਿਭਾਸ਼ਾ ਦੀ ਸਿਰਜਣਾ ਕੀਤੀ, ਉਸ ਸਮੇਂ ਉਨ੍ਹਾਂ ਦੀ ਧਰਮ ਪਤਨੀ ਦਾ ਜਿਉਂਦਾ ਜਾਗਦਾ ਪਵਿੱਤਰ ਅਤੇ ਰੂਹਾਨੀਅਤ ਨਾਲ ਪ੍ਰਕਾਸ਼ਮਾਨ ਉੱਤਮ ਆਚਰਣ ਸਾਹਮਣੇ ਸੀ। ਇਸੇ ਹੀ ਮਹਾਨ ਸੁਭਾਅ ਕਾਰਣ ਗੁਰੂ ਜੀ ਦੀ ਧਰਮ-ਪਤਨੀ, ਬਿਨਾਂ ਗੁਰੂ ਜੀ ਦਾ ਹੁਕਮ ਉਡੀਕਿਆਂ ਹੀ ਭੋਜਨ ਤਿਆਰ ਕਰ ਲੈਂਦੀ ਹੈ, ਜਦੋਂ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਮਹਾਂਪੁਰਸ਼ਾਂ ਵਿਚਕਾਰ ਪ੍ਰਭ ਸੰਬੰਧੀ ਵਿਚਾਰ ਗੋਸ਼ਟਿ ਆਰੰਭ ਹੋ ਗਈ ਹੈ। ਇਸ ਲਈ ਭੋਜਨ ਛਕਣਾ ਹੁਣ ਜ਼ਰੂਰੀ ਹੀ ਹੈ, ਕਿਉਂਕਿ ਗੁਰੂ ਜੀ ਘਰ ਆਏ ਹਰ ਮਹਾਂਪੁਰਸ਼ ਨੂੰ ਆਮ ਤੌਰ 'ਤੇ ਭੋਜਨ ਜ਼ਰੂਰ ਛਕਾਉਂਦੇ ਹਨ। ਇਸ ਤੱਥ ਨੂੰ ਅਨੰਤ ਦਾਸ ਵੈਸ਼ਨਵ ਸਪੱਸ਼ਟ ਕਰਕੇ ਪਰਪੱਕ ਕਰਦੇ ਹਨ:

**ਤਬ ਹਹਿ ਭਗਤਿ ਰੂਪ ਧਰਿ ਆਯੋ॥ ਜਨ ਰੈਦਾਸ ਬਹੁਤ ਮਨ ਭਾਯੋ॥**

**ਆਦੁਰ ਕਰਿ ਆਗੈ ਵੈਚਾਰੇ॥ ਦੀਨ ਵਚਨ ਕਰਿ ਚਰਣ ਪਖਾਰੇ॥**

**ਘਰੀ ਏਕ ਹਰਿ ਕਥਾ ਚਲਾਈ॥ ਤਾ ਪੀਛੇ ਜਯੁ ਨਾਰ ਕਰਾਈ॥**

**ਭੋਜਨ ਕਰਕੇ ਬੈਠੇ ਜਬਹੀ॥ ਦੁਖ ਸੁਖ ਕਥਾ ਚਲਾਈ ਤਬਹੀ॥**

# ਨਚਣੁ ਕੁਦਣੁ ਮਨ ਕਾ ਚਾਉ



ਚਰਨਜੀਤ ਸਿੰਘ ਬਿਨਪਾਲਕੇ
98148-39944

ਸਤਿਗੁਰ ਜੀ ਦੀ ਬਾਣੀ ਸਾਡੇ ਜੀਵਨ ਦਾ ਓਟ ਆਸਰਾ ਹੈ, ਇਹ ਬਾਣੀ ਇਕ ਅਟੱਲ ਸੱਚਾਈ ਹੈ। ਇਹ ਸੱਚਾਈ ਕਾਲ ਸੀਮਾਂ ਤੋਂ ਬਾਹਰ ਹੈ ਭਾਵ ਸਮਾਂ ਬਦਲਣ ਨਾਲ ਇਹ ਬਦਲਣ ਵਾਲੀ ਨਹੀਂ। ਇਹ ਦੇਸ਼-ਪ੍ਰਦੇਸ਼ ਦੇ ਹੱਦ ਬੰਨ੍ਹਿਆਂ ਤੋਂ ਬਾਹਰ ਹੈ ਭਾਵ ਸਮੁੱਚੀ ਮਾਨਵਤਾ ਵਾਸਤੇ ਹੈ ਤੇ ਉਸ ਉੱਪਰ ਲਾਗੂ ਹੁੰਦੀ ਹੈ। ਇਸ ਤਰ੍ਹਾਂ ਇਹ ਕਿਸੇ ਇੱਕ ਧਰਮ ਉਤੇ ਨਹੀਂ ਬਲਕਿ ਹਰ ਇੱਕ ਧਾਰਮਿਕ ਮਨੁੱਖ 'ਤੇ ਪੂਰੀ ਢੁੱਕਦੀ ਹੈ।

ਸੋ ਜੇਕਰ ਉਪਰੋਕਤ ਗੱਲਾਂ ਸਹੀ ਹਨ ਤਾਂ ਇਸ ਦਾ ਨਤੀਜਾ ਇਹ ਹੈ ਕਿ ਅੱਜ ਅਸੀਂ ਜਿਹੜੇ ਵੀ ਧਾਰਮਿਕ ਕੰਮ ਗੁਰਬਾਣੀ ਅਨੁਸਾਰ ਨਹੀਂ ਕਰਦੇ, ਉਨ੍ਹਾਂ ਨੂੰ ਵਾਚਣ ਜਾਂ ਬਦਲਣ ਦੀ ਲੋੜ ਹੈ। ਕੀ ਗੁਰਬਾਣੀ ਅਨੁਸਾਰ ਪ੍ਰਭ ਦੀ ਭਗਤੀ ਕਰਨ, ਗੁਰੂ ਨੂੰ ਖੁਸ਼ ਕਰਨ ਜਾਂ ਗੁਰੂ ਸਾਹਿਬਾਨਾਂ ਦੇ ਜਨਮ ਦਿਹਾੜੇ ਨੂੰ ਵਧੀਆ ਤਰੀਕੇ ਨਾਲ ਮਨਾਉਣ ਲਈ ਨੱਚਣਾ-ਕੁੱਦਣਾ ਜ਼ਰੂਰੀ ਹੈ? ਜਿਵੇਂ ਕਿ ਅੱਜ ਸਾਡੇ ਸਮਾਜ ਵਿੱਚ ਇੱਕ ਪਰੰਪਰਾ ਚੱਲ ਪਈ ਹੈ ਕਿ ਧਾਰਮਿਕ ਸਮਾਗਮਾਂ 'ਤੇ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਉਪਮਾ ਵਾਲੇ ਗੀਤ ਗਾਉਂਦੇ ਜਾਂ ਸੁਣਦੇ ਹੋਏ ਨੱਚਦੇ-ਟੱਪਦੇ ਹਾਂ। ਅਕਸਰ ਨਗਰ ਕੀਰਤਨ, ਪ੍ਰਭਾਤ ਫੇਰੀਆਂ ਆਦਿ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਅਸੀਂ ਨੱਚ-ਟੱਪ ਕੇ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਏਹੋ ਨੱਚਣਾ-ਕੁੱਦਣਾ ਅਸੀਂ ਆਪਣੇ ਬੱਚੇ ਦੇ ਜਨਮ ਦਿਨ ਦੀ ਖੁਸ਼ੀ 'ਤੇ ਕਰਦੇ ਹਾਂ। ਏਹੋ-ਜਿਹਾ ਨੱਚਣਾ ਕੁੱਦਣਾ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵੀ ਕਰੀ ਜਾ ਰਹੇ ਹਾਂ। ਪਿਛਲੇ ਕੁਝ ਸਾਲਾਂ ਤੋਂ ਅਸੀਂ ਹੋਰ ਵੀ ਅਗਾਂਹ ਵੱਧ ਗਏ ਹਾਂ ਕਿ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਆਪਣੇ ਬੱਚਿਆਂ ਦੇ ਜਨਮ ਦਿਨ ਵਾਂਗ ਕੇਕ ਕੱਟਣ ਲੱਗ ਪਏ ਹਾਂ। ਵਿਆਹਾਂ ਸ਼ਾਦੀਆਂ ਵਾਂਗ ਜਾਗੋ ਕੱਢੀ ਜਾ ਰਹੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਆਪਣੇ ਬੱਚਿਆਂ ਦੇ ਜਨਮ ਦਿਨ ਵਾਂਗ, ਆਪਣੇ ਵਿਆਹ-ਸ਼ਾਦੀਆਂ ਦੇ ਦਿਨਾਂ ਵਾਂਗ ਮਨਾ ਕੇ, ਇਸ ਮਹਾਨ ਦਿਹਾੜੇ ਨੂੰ ਕੀ ਅਸੀਂ ਛੋਟਾ ਨਹੀਂ ਕਰ ਦਿੱਤਾ। ਕੀ ਅਸੀਂ ਅਜਿਹਾ ਕਰਕੇ ਗੁਰੂ ਸਾਹਿਬ ਦੀ ਬੇਅਦਬੀ ਨਹੀਂ ਕਰ ਰਹੇ। ਜਿਸ ਬੱਚੇ ਦਾ ਜਨਮ ਦਿਨ ਹੁੰਦਾ ਹੈ, ਅਸੀਂ ਉਸ ਕੋਲੋਂ ਕੇਕ ਕਟਾਉਂਦੇ ਹਾਂ। ਕੀ ਸ੍ਰੀ ਗੁਰੂ ਰਵਿਦਾਸ ਜੀ ਆਪਣੇ ਜਨਮ ਦਿਹਾੜੇ ਦਾ ਕੇਕ ਖੁਦ ਆ ਕੇ ਕੱਟਦੇ ਹਨ। ਜੇਕਰ ਕੋਈ ਹੋਰ ਬੰਦਾ ਕੇਕ ਕੱਟਦਾ ਹੈ ਤਾਂ ਕੀ ਉਸ ਦੀ ਅਧਿਆਤਮਕ ਅਵਸਥਾ ਗੁਰੂ ਰਵਿਦਾਸ ਜੀ ਵਰਗੀ ਹੈ। ਸ਼ਾਇਦ ਹੋਰ ਉਦਾਹਰਨਾਂ ਦੇਣੀਆਂ ਗੁਰੂ ਜੀ ਦੀ ਤੌਹੀਨ ਕਰਨਾ ਹੀ ਹੋਵੇਗਾ।

ਪ੍ਰਭਾਤ ਫੇਰੀਆਂ ਅੰਮ੍ਰਿਤ ਵੇਲੇ ਹੁੰਦੀਆਂ ਹਨ। ਉਹ ਸਮਾਂ ਅਧਿਆਤਮਕ ਹੁੰਦਾ ਹੈ। ਪ੍ਰਭਾਤ ਫੇਰੀਆਂ ਵਿੱਚ ਸ਼ਾਮਿਲ ਹੋ ਕੇ ਮਨੁੱਖ ਅਧਿਆਤਮਕਤਾ ਨਾਲ ਜੁੜਨ ਦਾ ਯਤਨ ਕਰਦਾ ਹੈ ਪ੍ਰੰਤੂ ਰਾਤ ਨੂੰ ਜਾਗੋ ਕੱਢਣੀ, ਇੱਕ ਰੌਲਾ-ਰੱਪਾ, ਨੱਚਣਾ-ਟੱਪਣਾ, ਪ੍ਰਦਰਸ਼ਨ ਕਰਨ ਤੋਂ ਵੱਧ ਕੁਝ ਵੀ ਨਹੀਂ, ਪਰ ਗੁਰੂ ਮਹਾਰਾਜ ਜੀ ਦੀ ਬੇਅਦਬੀ ਦਾ ਕਾਰਨ ਜ਼ਰੂਰ ਬਣ ਸਕਦੀ ਹੈ, ਕਿਉਂਕਿ ਸ਼ਾਮ ਨੂੰ ਕਈ ਲੋਕਾਂ ਨੇ

ਦਾਰੂ ਵੀ ਪੀਤੀ ਹੁੰਦੀ ਹੈ, ਜੋ ਕਿ ਲੜਾਈ-ਝਗੜਿਆਂ ਦਾ ਮੁੱਢ ਹੈ। ਅਸਲ ਵਿਚ ਨੱਚਣਾ-ਟੱਪਣਾ ਕੋਈ ਸ਼ਰਧਾ ਦਾ ਪ੍ਰਤੀਕ ਨਹੀਂ। ਇਹ ਤਾਂ ਜਿਵੇਂ, ਨੱਚਣ ਵਾਲੇ ਦੀ ਅੱਡੀ ਨਹੀਂ ਰਹਿੰਦੀ ਵਾਲੀ ਗੱਲ ਹੈ ਕਿ ਉਹ ਨੱਚਣ-ਟੱਪਣ ਦਾ ਬਹਾਨਾ ਭਾਲਦਾ ਹੈ, ਜਿਵੇਂ ਕਈ ਸ਼ਰਾਬੀਆਂ ਦੀ ਗੱਲ ਲੈ ਲਓ, ਜੇਕਰ ਕੋਈ ਖੁਸ਼ੀ ਦਾ ਸਬੱਬ ਹੋਵੇ ਤਾਂ ਸ਼ਰਾਬੀ ਕਹਿੰਦਾ ਹੈ ਕਿ ਮੈਂ ਖੁਸ਼ੀ ਵਿਚ ਪੀਤੀ ਹੈ। ਜੇਕਰ ਗਮੀ ਹੋਵੇ ਤਾਂ ਕਹਿੰਦਾ ਹੈ ਮੈਨੂੰ ਗਮ ਬਹੁਤ ਹੈ ਇਸ ਕਰਕੇ ਪੀਤੀ ਹੈ। ਉਹ ਭਲਿਆ ਕੀ ਖੁਸ਼ੀ-ਗਮੀ ਦਾ ਸਾਰਾ ਠੇਕਾ ਤੈਂ ਹੀ ਲੈ ਰੱਖਿਆ ਹੈ। ਕੀ ਇਸ ਤੋਂ ਬਿਨਾਂ ਖੁਸ਼ੀ-ਗਮੀ ਨੂੰ ਮਨਾਇਆ ਨਹੀਂ ਜਾ ਸਕਦਾ। ਗੁਰਮਤਿ ਸਿਧਾਂਤਾਂ ਅਨੁਸਾਰ ਕੀ ਨੱਚ ਟੱਪ ਕੇ ਅਸੀਂ ਪ੍ਰਭ, ਆਪਣੇ ਗੁਰੂ ਨੂੰ, ਆਪਣੇ ਇਸ਼ਟ ਨੂੰ ਮਨਾ ਸਕਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਆਸਾ ਵਿਚ ਫੁਰਮਾਉਂਦੇ ਹਨ :-

**ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥**

**ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥.........**

**ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥**

**ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥.........**

**ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ ਮਨਿ ਭਉ, ਤਿਨਾ ਮਨਿ ਭਾਉ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ - 465)**

ਭਾਵ :- "ਨੱਚ-ਨੱਚ ਕੇ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਅਨੇਕਾਂ ਮਧਾਣੀਆਂ, ਵਾਵਰੋਲੇ, ਲਾਟੂ ਨੱਚਦੇ-ਫਿਰਦੇ ਹਨ। ਕੀ ਉਨ੍ਹਾਂ ਨੇ ਪ੍ਰਮਾਤਮਾ ਨੂੰ ਖੁਸ਼ ਕਰ ਲਿਆ। ਲੋਕ ਨੱਚਦੇ ਹੋਏ ਤਾਂ ਹੱਸਦੇ ਹਨ ਪਰ ਦੁਨੀਆ ਤੋਂ ਜਾਣ ਲੱਗੇ ਰੋਂਦੇ ਹਨ। ਨੱਚਣਾ-ਕੁੱਦਣਾ ਮਨ ਦਾ ਸ਼ੌਂਕ ਤਾਂ ਹੋ ਸਕਦਾ ਹੈ ਪਰ ਰੱਬ ਨਾਲ ਪ੍ਰੇਮ ਕੇਵਲ ਉਨ੍ਹਾਂ ਮਨੁੱਖਾਂ ਦਾ ਹੈ ਜਿਨ੍ਹਾਂ ਦੇ ਮਨ ਵਿਚ ਰੱਬ ਦਾ ਡਰ ਹੈ।" ਇਸ ਤੋਂ ਭਾਵ ਇਹ ਵੀ ਹੈ ਕਿ ਜਿਨ੍ਹਾਂ ਨੂੰ ਆਪਣੇ ਗੁਰੂ ਦਾ ਡਰ ਨਹੀਂ, ਆਪਣੇ ਗੁਰੂ ਦੀ ਬੇਅਦਬੀ ਦਾ ਡਰ ਨਹੀਂ, ਉਨ੍ਹਾਂ ਦੇ ਮਨ ਵਿੱਚ ਆਪਣੇ ਗੁਰੂ ਪ੍ਰਤੀ ਕੋਈ ਪ੍ਰੇਮ ਨਹੀਂ ਹੈ। ਜਿਹੜੇ ਆਪਣੇ ਗੁਰੂ ਨਾਲ ਪ੍ਰੇਮ ਕਰਦੇ ਹਨ, ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਗੁਰੂ ਦੀ ਬੇਅਦਬੀ ਹੋਵੇ। ਅਸਲੀਅਤ ਤਾਂ ਇਹ ਹੈ ਕਿ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਨੂੰ ਡੀ.ਜੇ. ਲਗਾ ਕੇ ਨੱਚਣਾ-ਟੱਪਣਾ, ਕੇਕ ਕੱਟਣੇ, ਜਾਗੋ ਕੱਢਣੀਆਂ ਆਪਣੇ ਸ਼ੌਂਕ ਪੂਰਾ ਕਰਨ ਵਾਲੀਆਂ ਗੱਲਾਂ ਹਨ, ਗੁਰੂ ਪ੍ਰਤੀ ਪ੍ਰੇਮ ਨਹੀਂ। ਗੁਰੂ ਸਾਹਿਬਾਨ ਅਨੁਸਾਰ ਜੇਕਰ ਨੱਚਣਾ ਹੀ ਹੈ ਤਾਂ ਇਸ ਤਰ੍ਹਾਂ ਨੱਚਣਾ ਚਾਹੀਦਾ ਹੈ।

**ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥**

**ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥**

**ਤੁਸੀਂ ਆਪਣਾ ਭਵਿੱਖ ਨਹੀਂ ਬਦਲ ਸਕਦੇ ਪਰ ਆਪਣੀਆਂ ਆਦਤਾਂ ਬਦਲ ਸਕਦੇ ਹੋ ਅਤੇ ਨਿਸ਼ਚਿਤ ਰੂਪ ਵਿਚ ਤੁਹਾਡੀਆਂ ਆਦਤਾਂ ਤੁਹਾਡਾ ਭਵਿੱਖ ਬਦਲ ਦੇਣਗੀਆਂ।**

**ਡਾ. ਏ.ਪੀ.ਜੇ. ਅਬਦੁੱਲ ਕਲਾਮ**



# ਮੂਲ-ਵਾਸੀ ਦਲਿਤ ਸਮਾਜ ਦੀ ਆਵਾਸ ਕਰਨ ਦੀ ਪ੍ਰਵਿਰਤੀ, ਲੋੜ ਅਤੇ ਮਹੱਤਵ



ਪਰਮਜੀਤ ਵਿਰਦੀ ਲੰਮਾ ਪਿੰਡ ਜਲੰਧਰ
97790-57827

ਸਮੇਂ-ਸਮੇਂ ਅਨੁਸਾਰ ਮਨੁੱਖ ਦਾ ਤਬਦੀਲ ਹੋਣਾ ਜਾਂ ਬਦਲਣਾ ਬਹੁਤ ਜ਼ਰੂਰੀ ਹੈ। ਜੋ ਵਿਅਕਤੀ ਸਮੇਂ ਦੇ ਅਨੁਸਾਰ ਨਹੀਂ ਚਲਦਾ ਉਹ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਜੇਕਰ ਅਸੀਂ ਕਿਸੇ ਕਾਮਯਾਬ ਵਿਅਕਤੀ ਦੇ ਕੰਮਾਂ ਦੀ ਸਮੀਖਿਆ ਕਰੀਏ ਤਾਂ ਅਸੀਂ ਨਿਸ਼ਚੇ ਹੀ ਇਸ ਨਤੀਜੇ 'ਤੇ ਪਹੁੰਚਾਂਗੇ ਕਿ ਉਸ ਵਿਅਕਤੀ ਨੇ ਸਮੇਂ-ਸਮੇਂ ਸਿਰ ਆਪਣੇ ਆਪ ਨੂੰ ਅਤੇ ਆਪਣੇ ਕੰਮ ਕਰਨ ਦੇ ਢੰਗ ਨੂੰ ਤਬਦੀਲ ਕੀਤਾ ਹੈ ਤਾਂ ਜਾ ਕੇ ਉਹ ਕੋਈ ਉੱਚਾ ਮੁਕਾਮ ਹਾਸਿਲ ਕੀਤਾ ਹੈ। ਇਹ ਇਕ ਆਮ ਕਹਾਵਤ ਹੈ ਕਿ ਲੋੜ ਕਾਢ ਦੀ ਮਾਂ ਹੁੰਦੀ ਹੈ। ਦਲਿਤ ਸਮਾਜ ਦਾ ਵੱਡੀ ਪੱਧਰ 'ਤੇ ਤਰੱਕੀ ਨਾ ਕਰ ਪਾਉਣਾ ਉਹ ਚਾਹੇ ਵਿਦਿਅਕ ਖੇਤਰ, ਇੰਡਸਟਰੀ, ਮੈਡੀਕਲ, ਇੰਜੀਨੀਅਰ ਜਾਂ ਕੋਈ ਹੋਰ ਖੇਤਰ ਹੋਵੇ ਦਾ ਮੁੱਖ ਕਾਰਨ ਹੈ ਕਿ ਦਲਿਤ ਸਮਾਜ ਆਪਣੀ ਨਿਵਾਸ ਕਰਨ ਦੀ ਪ੍ਰਵਿਰਤੀ ਸਮੇਂ ਅਨੁਸਾਰ ਬਦਲ ਨਹੀਂ ਰਿਹਾ।

ਸਵੇਰੇ ਅਤੇ ਤ੍ਰਿਕਾਲਾਂ ਨੂੰ ਕਈ ਵਾਰ ਅਸੀਂ ਪੰਛੀਆਂ ਦੀਆਂ ਡਾਰਾਂ (ਕਤਾਰਾਂ) ਨੂੰ ਜਾਂਦਿਆਂ-ਆਉਂਦਿਆਂ ਦੇਖਦੇ ਹਾਂ। ਇਹ ਪੰਛੀ ਆਲ੍ਹਣਿਆਂ ਵਿਚ ਆਪਣਿਆਂ ਬੱਚਿਆਂ ਨੂੰ ਇਕੱਲੇ ਛੱਡ ਕੇ ਆਪਣੇ ਚੋਗੇ ਅਰਥਾਤ ਅੰਨ ਦੀ ਭਾਲ ਵਿਚ ਸੈਂਕੜੇ ਮੀਲਾਂ ਦਾ ਪੰਧ ਤਹਿ ਕਰਕੇ ਚੋਗਾ ਚੁੱਗਦੇ ਅਤੇ ਜਾ ਕੇ ਆਪਣਿਆਂ ਬੱਚਿਆਂ ਨੂੰ ਵੀ ਖਿਲਾਉਂਦੇ ਹਨ। **ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥**

ਸਾਡੇ ਮੂਲ-ਵਾਸੀ ਦਲਿਤ ਸਮਾਜ ਵਿਚ ਆਵਾਸ ਕਰਨ ਦੀ ਪ੍ਰਵਿਰਤੀ ਬਹੁਤ ਘੱਟ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਅਸੀਂ ਭਾਵਨਾਵਾਂ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਹਾਂ। ਬੱਚਿਆਂ ਦਾ ਮੋਹ, ਪਰਿਵਾਰ ਦਾ ਮੋਹ, ਮਿੱਟੀ ਦਾ ਮੋਹ, ਜਨਮ ਭੂਮੀ ਦਾ ਮੋਹ ਅਤੇ ਦੇਸ਼ ਦਾ ਮੋਹ, ਇਸ ਸਮਾਜ ਨੂੰ ਇਕ ਥਾਂ, ਇਕ ਘੇਰੇ ਵਿਚ ਸਮੇਟ ਕੇ ਰੱਖਦਾ ਹੈ। ਇਥੋਂ ਤੱਕ ਕਿ ਅਸੀਂ ਆਪਣੇ ਪਿੰਡ, ਮੁਹੱਲੇ ਜਾਂ ਘਰ ਨੂੰ ਛੱਡ ਕੇ ਨਾਲ ਦੇ ਕਸਬੇ ਜਾਂ ਸ਼ਹਿਰ ਵਿਚ ਵਸਣ ਲਈ ਕੰਨੀਂ ਕਤਰਾਉਂਦੇ ਹਾਂ। ਇਸ ਦਾ ਅਸੀਂ ਬਹੁਤ ਵੱਡਾ ਨੁਕਸਾਨ ਉਠਾਇਆ ਹੈ ਅਤੇ ਆਉਣ ਵਾਲੇ ਸਮੇਂ ਹੋਰ ਨੁਕਸਾਨ ਉਠਾਵਾਂਗੇ। ਉਦਾਹਰਨ ਦੇ ਤੌਰ 'ਤੇ ਅਸੀਂ ਪਿੰਡ, ਸ਼ਹਿਰ ਦੀਆਂ ਤੰਗ ਗਲੀਆਂ ਵਿਚ ਨਿਵਾਸ ਕਰਦੇ ਹਾਂ। ਇਥੋਂ ਤੱਕ ਕਿ ਜਿਨ੍ਹਾਂ ਲੋਕਾਂ ਕੋਲ ਗੁੰਜਾਇਸ਼ ਹੁੰਦੀ ਹੈ, ਉਹ ਵੀ ਇਹ ਉਦਮ ਨਹੀਂ ਕਰਦੇ ਕਿ ਇਨ੍ਹਾਂ ਤੰਗ-ਗਲੀਆਂ ਵਾਲੇ ਮਕਾਨ ਵੇਚ ਕੇ ਕਿਸੇ ਬਾਹਰ ਕਾਲੋਨੀ ਜਿੱਥੇ ਚੌੜੀਆਂ ਸੜਕਾਂ, ਪਾਰਕਾਂ, ਸੀਵਰੇਜ, ਖੁੱਲ੍ਹੇ ਤੇ ਸਾਫ-ਸੁਥਰੇ ਮਾਹੌਲ ਵਿਚ ਰਿਹਾਇਸ਼ ਕਰੀਏ। ਬਸ ਉਥੇ ਹੀ ਉਪਰ ਤੋਂ ਉਪਰ ਮਕਾਨ ਬਣਾਈ ਜਾ ਰਹੇ ਹਾਂ। ਕਸਬਿਆਂ ਜਾਂ ਕਲੋਨੀਆਂ ਵਿਚ ਪਲਾਟ ਸਸਤਾ ਹੋਣ ਦੇ ਬਾਵਜੂਦ ਵੀ ਅਸੀਂ ਪਿੰਡਾਂ ਜਾਂ ਆਪਣੇ ਘਰਾਂ ਦੇ ਨਜ਼ਦੀਕ ਪਲਾਟ ਲੈਣ ਨੂੰ ਤਰਜੀਹ ਦਿੰਦੇ ਹਾਂ। ਇਨ੍ਹਾਂ ਕਈ ਗਲੀਆਂ ਵਿਚ ਗੱਡੀਆਂ ਤਾਂ ਕੀ ਮੋਟਰਸਾਈਕਲ ਖੜ੍ਹੀ ਕਰਨ ਜੋਗੀ ਜਗ੍ਹਾ ਵੀ ਨਹੀਂ ਹੁੰਦੀ। ਬਾਹਰ ਮੋਟਰ-ਸਾਈਕਲ ਲਗਾ ਕੇ ਰਿਸ਼ਤੇਦਾਰ ਅਜੇ ਅੰਦਰ

ਜਾ ਕੇ ਬੈਠਦਾ ਹੀ ਹੈ ਕਿ ਬਾਹਰ ਪੀਂ-ਪੀਂ ਦੀ ਆਵਾਜ਼ ਆਉਣ ਲੱਗ ਜਾਂਦੀ ਹੈ ਕਿ ਮੋਟਰ-ਸਾਈਕਲ ਸਾਈਡ 'ਤੇ ਕਰੋ, ਅਸੀਂ ਸਕੂਟਰੀ ਲੰਘਾਉਣੀ ਆ। ਅੱਜ ਸਾਡੇ ਸਮਾਜ ਦੇ ਬਹੁਤ ਸਾਰੇ ਲੋਕ ਗੱਡੀਆਂ ਲੈਣ ਦੇ ਸਮਰੱਥ ਹਨ ਪਰ ਘਰ ਵਿਚ ਗੱਡੀ ਖੜ੍ਹੀ ਕਰਨ ਲਈ ਥਾਂ ਨਾ ਹੋਣ ਦੀ ਵਜ੍ਹਾ ਕਰਕੇ ਗੱਡੀ ਲੈਣ ਤੋਂ ਸੰਕੋਚ ਕਰਦੇ ਹਨ।

ਅੱਜ ਵੀ ਅਸੀਂ ਉਨ੍ਹਾਂ ਪਿੰਡਾਂ ਵਿਚ ਨਿਵਾਸ ਕਰਦੇ ਹਾਂ ਜਿਹੜੇ ਕਸਬਿਆਂ ਤੋਂ 10-15 ਕਿਲੋਮੀਟਰ ਦੂਰ ਹਨ, ਜਿਥੇ ਦਿਨ ਵਿਚ ਸਿਰਫ 3-4 ਵਾਰ ਬੱਸ ਜਾਂ ਟੈਂਪੂ ਜਾਂਦਾ ਹੈ। ਸ਼ਾਮ 4 ਵਜੇ ਤੋਂ ਬਾਅਦ ਉਨ੍ਹਾਂ ਪਿੰਡਾਂ ਨੂੰ ਜਾਣ ਵਾਸਤੇ ਕੋਈ ਸਾਧਨ ਨਹੀਂ ਹੁੰਦਾ ਨਾਲੇ ਸੁੰਨਮਸਾਨ ਰਸਤਾ। ਜੇਕਰ ਕੋਈ ਮਰੀਜ਼ ਸੀਰੀਅਸ ਹੋਵੇ ਤਾਂ 30-40 ਕਿਲੋਮੀਟਰ ਆਸ-ਪਾਸ ਕੋਈ ਹਸਪਤਾਲ ਨਹੀਂ। ਬੱਚਿਆਂ ਨੂੰ ਸਕੂਲ ਜਾਣ ਲਈ 10-15 ਕਿਲੋਮੀਟਰ ਬੱਸ ਜਾਂ ਸਾਈਕਲ 'ਤੇ ਜਾਣਾ ਪੈਂਦਾ ਹੈ। ਦੱਸੋ ਇਹ ਬੱਚੇ ਪੜ੍ਹਨਗੇ ਕਿਹੜੇ ਵੇਲੇ, ਪਹਿਲਾਂ ਤਾਂ ਘਰੋਂ ਚੱਲੋ ਤੇ ਬੱਸ ਦੀ ਉਡੀਕ ਕਰੋ, ਇਕ ਘੰਟਾ ਲਗਾ ਕੇ ਕਸਬੇ ਪਹੁੰਚੋ, ਉਥੋਂ ਬੱਸ ਫੜ ਕੇ ਅੱਧਾ-ਪੌਣਾ ਘੰਟਾ ਲਗਾ ਕੇ ਸ਼ਹਿਰ ਪਹੁੰਚੋ, ਫਿਰ ਸ਼ਹਿਰ ਤੋਂ ਬੱਸ, ਆਟੋ ਫੜ ਕੇ ਕਾਲਜ ਪਹੁੰਚੋ ਵਾਪਸੀ 'ਤੇ ਫਿਰ ਇਸੇ ਤਰ੍ਹਾਂ। ਰੋਜ਼ਾਨਾ ਦੀ ਇਸ ਪ੍ਰਕਿਰਿਆ 'ਤੇ ਕਿੰਨਾ ਸਮਾਂ ਖਰਚ ਆਇਆ। ਇਨ੍ਹਾਂ 80% ਪਿੰਡਾਂ ਵਿਚ ਕੋਈ ਟਿਊਸ਼ਨ ਸੈਂਟਰ ਨਹੀਂ, ਕੋਈ ਖਰੀਦਦਾਰੀ ਕਰਨ ਲਈ ਬਾਜ਼ਾਰ ਨਹੀਂ, ਕੋਈ ਵਧੀਆ ਸਿਹਤ ਸਹੂਲਤਾਂ, ਸਕੂਲ ਕਾਲਜ ਨਹੀਂ। ਸਾਡੀ ਆਪਣੀ ਕੋਈ ਦੁਕਾਨਦਾਰੀ, ਖੇਤੀਬਾੜੀ, ਕੰਮ-ਕਾਰ ਜਾਂ ਹੋਰ ਬਿਜਨੈੱਸ ਨਹੀਂ। ਪੁਰਾਣੇ ਸਮੇਂ ਖੇਤੀਬਾੜੀ ਵਿਚ ਕੰਮ-ਕਾਰ ਮਿਲ ਜਾਂਦਾ ਸੀ ਪਰ ਹੁਣ ਮਸ਼ੀਨਰੀ ਅਤੇ ਠੇਕੇਦਾਰੀ ਸਿਸਟਮ ਕਾਰਨ ਸਭ ਕੁਝ ਖਤਮ ਹੋ ਗਿਆ ਹੈ। ਜ਼ਿਮੀਂਦਾਰ ਦੇ ਘਰ ਦੇ 2-3 ਮੈਂਬਰ ਹੀ 50-60 ਏਕੜ ਦੀ ਖੇਤੀ ਕਰੀ ਜਾ ਰਹੇ ਹਨ। ਫਿਰ ਸ਼ਹਿਰ ਜਾਂ ਕਸਬੇ ਨੂੰ ਕੰਮ 'ਤੇ ਆਉਣ, ਪੜ੍ਹਨ, ਖਰੀਦਦਾਰੀ ਕਰਨ 'ਤੇ ਹੋਰ ਸਮਾਜਿਕ ਕਾਰ-ਵਿਹਾਰਾਂ 'ਤੇ ਆਉਣ-ਜਾਣ ਲਈ, 10-15 ਕਿਲੋਮੀਟਰ ਸਾਈਕਲ ਜਾਂ ਮੋਟਰਸਾਈਕਲ 'ਤੇ ਆਉਣਾ ਪੈਂਦਾ ਹੈ। ਇਸ ਦਾ ਕਿੰਨਾ ਖਰਚ, ਸਮਾਂ ਅਤੇ ਬੋਝ ਪੈਂਦਾ ਹੈ ਇਸ ਦਾ ਅਸੀਂ ਕਦੇ ਹਿਸਾਬ ਨਹੀਂ ਲਗਾਉਂਦੇ। ਦਲਿਤ ਸਮਾਜ ਦੇ ਦੂਰ-ਦੁਰਡੇ ਪਿੰਡਾਂ ਵਿਚ ਰਹਿਣ ਕਰਕੇ ਹੀ ਪ੍ਰਵਾਸੀਆਂ ਨੇ ਸ਼ਹਿਰਾਂ ਤੇ ਕਸਬਿਆਂ ਦੇ ਛੋਟੇ-ਮੋਟੇ ਕਾਰੋਬਾਰਾਂ ਨੂੰ ਮੱਲ ਲਿਆ ਹੈ। ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਹੋਰ ਬਿਜਨੈਸ ਦੇ ਮਾਲਕ ਦੂਰੋਂ ਕੰਮ 'ਤੇ ਆਉਣ ਵਾਲਿਆ ਨਾਲੋਂ ਲੋਕਲ ਨੂੰ ਤਰਜੀਹ ਦਿੰਦੇ ਹਨ। ਪੰਜਾਬ ਦਾ ਪੜ੍ਹਿਆ ਲਿਖਿਆ, ਅਫਸਰ, ਬਿਜਨੈੱਸ, ਰਾਜਨੇਤਾ ਅਤੇ ਅਮੀਰ ਵਰਗ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਿਚ ਆਣ ਵਸਿਆ ਹੈ। ਪਿੰਡਾਂ ਵਿਚ ਤੁਹਾਨੂੰ ਡਾਕਟਰ, ਅਫਸਰ, ਵਕੀਲ ਬਹੁਤ ਘੱਟ ਮਿਲਣਗੇ। ਫਿਰ ਸਾਡਾ ਮੱਧ ਵਰਗੀ ਦਲਿਤ ਸਮਾਜ ਜਿਸ ਕੋਲ ਪਿੰਡ ਵਿਚ ਕੋਈ ਕਾਰੋਬਾਰ ਵੀ ਨਹੀਂ ਉਹ ਔਖਾ-ਸੌਖਾ ਇਨ੍ਹਾਂ ਦੂਰ-ਦੁਰਾਡੇ ਪਿੰਡਾਂ ਨੂੰ ਛੱਡਣ ਲਈ ਤਿਆਰ ਕਿਉਂ ਨਹੀਂ ਹੈ? ਕਸਬਿਆਂ ਜਾਂ ਸ਼ਹਿਰਾਂ 'ਚ ਨਹੀਂ ਤਾਂ ਘੱਟੋ-ਘੱਟ ਇਨ੍ਹਾਂ ਦੇ ਨਾਲ ਲਗਦੇ ਪਿੰਡਾਂ ਵਿਚ ਤਾਂ ਆ ਜਾਈਏ। ਸਮੇਂ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਹੈ। ਫਿਰ ਅਸੀਂ ਆਪਣੇ-ਆਪ ਨੂੰ ਪਰਿਵਰਤਿਤ ਕਿਉਂ ਨਹੀਂ ਕਰਦੇ?

**ਸ਼ਹਿਰੀ ਖੇਤਰ ਵਿਚ ਆਵਾਸ ਕਰਨ ਦੇ ਲਾਭ :-** ਸ਼ਹਿਰੀ ਖੇਤਰ ਵਿਚ ਆਵਾਸ ਕਰਨ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਪਿੰਡਾਂ ਦੇ ਮੁਕਾਬਲੇ ਇਥੇ ਮੈਡੀਕਲ ਸਹੂਲਤਾਂ ਅਤੇ ਸਿਖਿਆ ਸੰਸਥਾਵਾਂ ਦੀ ਭਰਮਾਰ ਹੁੰਦੀ ਹੈ। ਸੋ ਜੇਕਰ ਤੁਹਾਡੇ ਬੱਚੇ ਨੇ ਡਾਕਟਰ, ਇੰਜੀਨੀਅਰ ਜਾਂ ਵਕੀਲ ਬਣਨਾ ਹੈ ਤਾਂ ਇਸ

ਪੱਧਰ ਦੀਆਂ ਸੰਸਥਾਵਾਂ ਜਾਂ ਸਕੂਲ ਸ਼ਹਿਰਾਂ ਵਿਚ ਹੀ ਮਿਲ ਸਕਦੇ ਹਨ। ਅੱਜ ਹਰ ਡਿਗਰੀ/ਕੋਰਸ ਦੇ ਦਾਖਲੇ ਲਈ ਕੰਪੀਟੀਸ਼ਨ ਹੁੰਦਾ ਹੈ, ਜਿਸ ਦੀ ਤਿਆਰੀ ਵਾਸਤੇ ਵਧੀਆ ਅਕੈਡਮੀਆਂ ਜਾਂ ਇਂਸਟੀਚਿਊਸ਼ਨਜ਼ ਸ਼ਹਿਰਾਂ ਵਿਚ ਹੀ ਉਪਲੱਬਧ ਹਨ। ਇਸੇ ਕੜੀ ਤਹਿਤ ਰੁਜ਼ਗਾਰ ਦੇ ਮੌਕੇ ਵੀ ਸ਼ਹਿਰਾਂ ਵਿਚ ਜ਼ਿਆਦਾ ਹਨ। ਇੰਡਸਟਰੀ ਏਰੀਆ, ਫੋਕਲ ਪੁਆਇੰਟ, ਬਿਗ ਬਜ਼ਾਰ ਆਦਿ ਕਾਰਨ ਰੁਜ਼ਗਾਰ ਦੀਆਂ ਸਹੂਲਤਾਂ ਅਤੇ ਮੌਕੇ ਵਧਦੇ ਹਨ। ਸੋ ਪੇਂਡੂ ਖੇਤਰ ਤੋਂ ਸ਼ਹਿਰੀ ਖੇਤਰ ਵੱਲ ਕੂਚ ਕਰਨਾ ਬਹੁਤ ਲਾਭਦਾਇਕ ਹੈ ਅਤੇ ਨਾਲ ਹੀ ਰਾਸ਼ਟਰੀ ਧਰਮ ਨਿਰਪੱਖਤਾ ਨੂੰ ਵੀ ਤਾਕਤ ਮਿਲੇਗੀ ਜਦ ਇਕ ਰਿਹਾਇਸ਼ੀ ਖੇਤਰ ਵਿਚ ਹਰ ਵਰਗ ਦਾ ਵਿਅਕਤੀ ਨਿਵਾਸ ਕਰੇਗਾ।

ਜੇਕਰ ਅੱਜ ਦੀ ਤਾਰੀਕ ਦੀ ਗੱਲ ਕਰੀਏ ਤਾਂ ਅੱਜ-ਕੱਲ ਜ਼ਮੀਨਾਂ ਦੇ ਰੇਟ ਕਾਫੀ ਘਟੇ ਹੋਏ ਹਨ। ਸੋ, ਜਿਹੜੇ ਲੋਕ ਉੱਦਮ ਕਰ ਸਕਦੇ ਹਨ, ਉਨ੍ਹਾਂ ਨੂੰ ਤਾਕੀਦ ਹੈ ਕਿ ਉਹ ਸ਼ਹਿਰਾਂ, ਕਸਬਿਆਂ ਜਾਂ ਇਨ੍ਹਾਂ ਦੇ ਨਾਲ ਲੱਗਦੇ ਪਿੰਡਾਂ ਵਿਚ ਆ ਕੇ ਵਸਣ ਜਿਨ੍ਹਾਂ ਕਾਲੋਨੀਆਂ ਵਿਚ ਰਿਹਾਇਸ਼ ਨਹੀਂ ਹੋਈ। ਅਸੀਂ ਆਪਣੇ ਪਿੰਡ ਦੇ 4-5 ਹੋਰ ਘਰਾਂ, ਦੋਸਤਾਂ-ਮਿਤਰਾਂ, ਰਿਸ਼ਤੇਦਾਰਾਂ ਨੂੰ ਪ੍ਰੇਰਿਤ ਕਰ ਸਕਦੇ ਹਾਂ। ਇਸ ਤਰ੍ਹਾਂ ਤੁਸੀਂ ਇਕ ਗਰੁੱਪ ਦੇ ਰੂਪ ਵਿਚ ਖਾਲੀ ਕਾਲੋਨੀਆਂ ਆਬਾਦ ਕਰ ਸਕਦੇ ਹੋ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਮੂਲ-ਵਾਸੀ ਗਰੀਬ ਦਲਿਤ ਸਮਾਜ ਲਈ ਮੁੱਖ ਮਾਰਗਾਂ ਦੇ ਨਜ਼ਦੀਕ ਨਵੇਂ ਸ਼ਹਿਰਾਂ, ਕਸਬਿਆਂ ਦਾ ਨਿਰਮਾਣ ਕਰੇ, ਜਿਥੇ ਖੁੱਲ੍ਹਾ ਵਾਤਾਵਰਣ, ਪੜ੍ਹਾਈ, ਸਿਹਤ-ਸਹੂਲਤਾਂ ਦੇ ਨਾਲ ਰੁਜ਼ਗਾਰ ਦਾ ਪ੍ਰਬੰਧ ਵੀ ਹੋਵੇ। ਅਮੀਰ ਲੋਕਾਂ ਨੇ ਤਾਂ ਆਪਣੇ ਵਾਸਤੇ ਬਾਹਰਲੇ ਦੇਸ਼ਾਂ ਦੀ ਤਰਜ਼ 'ਤੇ ਆਧੁਨਿਕ ਸਹੂਲਤਾਂ ਨਾਲ ਲੈਸ ਕਾਲੋਨੀਆਂ ਵੀ ਉਸਾਰ ਲਈਆਂ ਹਨ। ਪਰ ਕੀ ਸਾਨੂੰ ਚੰਗੀਆਂ ਥਾਵਾਂ 'ਤੇ ਰਹਿਣ ਦਾ ਅਧਿਕਾਰ ਨਹੀਂ।


## ਪੰਜਾਬੀ ਕੈਲੰਡਰ 2016

ਇਸ ਪੰਜਾਬੀ ਕੈਲੰਡਰ ਵਿਚ ਸਤਿਗੁਰੂ ਰਵਿਦਾਸ ਜੀ ਦੀ ਸੁੰਦਰ ਤਸਵੀਰ, ਮਧੂ ਮੱਖੀਆਂ ਦਾ ਪ੍ਰਸੰਗ, ਸਾਲ 2016 ਦੀਆਂ ਸੰਗਰਾਂਦ, ਦੇਸੀ ਮਹੀਨਾ, ਪੁੰਨਿਆਂ, ਮੱਸਿਆ, ਪੰਜਾਬ ਸਰਕਾਰ ਦੀਆਂ ਜਾਰੀ ਕੀਤੀਆਂ ਛੁੱਟੀਆਂ ਦਾ ਵੇਰਵਾ, 9 ਗੁਰੂ ਰਵਿਦਾਸ ਮਿਸ਼ਨ ਡੇਰਿਆਂ ਦੇ ਮੁੱਖ ਸਮਾਗਮ ਵੀ ਪ੍ਰਕਾਸ਼ਿਤ ਹਨ। ਕੈਲੰਡਰ ਦੇ ਹੇਠਾਂ ਖਾਲੀ ਛੱਡੀ ਪੱਟੀ ਵਿਚ ਸਪਾਂਸਰ ਦਾ ਨਾਂਅ ਵੀ ਛਪ ਸਕਦਾ ਹੈ। ਇਹ ਕੈਲੰਡਰ 5 ਰੁਪਏ ਦਾ ਹੈ। ਇਹ ਸਟਿਕਰ ਵਾਂਗ ਚਿਪਕਾਇਆ ਜਾ ਸਕਦਾ ਹੈ। ਹਰੇਕ ਸਾਲ ਨਵਾਂ ਕੈਲੰਡਰ ਪ੍ਰਾਪਤ ਕੀਤਾ ਜਾ ਸਕਦਾ ਹੈ।

## ਹਿੰਦੀ ਕੈਲੰਡਰ 2016

ਇਸ ਹਿੰਦੀ ਕੈਲੰਡਰ ਵਿਚ ਗੁਰੂ ਜੀ ਦੀ ਸੁੰਦਰ ਤਸਵੀਰ, ਆਰਤੀ, ਸੰਗਰਾਂਦਾਂ, ਦੇਸੀ ਮਹੀਨੇ, ਪੁੰਨਿਆਂ, ਮੱਸਿਆ, ਦਿਨ ਤਿਉਹਾਰ ਤੇ ਸਤਿਗੁਰੂ ਰਵਿਦਾਸ ਜੀ ਦੇ ਇਤਿਹਾਸਕ ਦਿਹਾੜੇ ਪ੍ਰਕਾਸ਼ਿਤ ਹਨ। ਇਹ ਕੈਲੰਡਰ ਸਪਾਂਸਰ ਵੀ ਕੀਤਾ ਜਾ ਸਕਦਾ ਹੈ। ਇਹ ਕੇਵਲ 3 ਰੁਪਏ ਵਿਚ ਮਿਲ ਸਕਦਾ ਹੈ। ਇਹ ਸਟਿਕਰ ਵਾਂਗ ਚਿਪਕਾਇਆ ਜਾ ਸਕਦਾ ਹੈ। ਹਰੇਕ ਸਾਲ ਨਵਾਂ ਕੈਲੰਡਰ ਪ੍ਰਾਪਤ ਕੀਤਾ ਜਾ ਸਕਦਾ ਹੈ।

# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-2



ਬਖਸ਼ੀ ਰਾਮ ਦਰਾਵਾਂ
88726-92300

**ਲੈਵੀ :** ਚਾਚੀ ਜੀ ਜੈ ਗੁਰੂਦੇਵ ! ਕੀ ਬਣਾਈ ਜਾ ਰਹੇ ਹੋ?

**ਚਾਚੀ :** ਧੰਨ ਗੁਰੂਦੇਵ ! ਲੈਵੀ ਮੈਂ ਤੇਰੀ ਵੱਡੀ ਅੰਮਾ ਦਾ ਸੂਟ ਸਿਊਂ ਰਹੀ ਹਾਂ। ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਪਾਉਣ ਵਾਸਤੇ।

**ਲੈਵੀ :** ਪਰ ਕੀ ਚਾਚੀ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਨਵੇਂ ਸੂਟ ਪਾਉਣੇ ਜ਼ਰੂਰੀ ਹਨ? ਕੀ ਗੁਰਬਾਣੀ ਵਿੱਚ ਲਿਖਿਆ ਹੈ?

**ਚਾਚੀ :** ਨਹੀਂ ਲੈਵੀ, ਜ਼ਰੂਰੀ ਤਾਂ ਨਹੀਂ। ਮਨ ਦਾ ਚਾਅ ਹੈ। ਕੀ ਅਸੀਂ ਐਡੇ ਮਹਾਨ ਰਹਿਬਰ ਦੇ ਪ੍ਰਕਾਸ਼ ਦਿਹਾੜੇ 'ਤੇ ਨਵੇਂ ਕੱਪੜੇ ਸਿਊਂ ਕੇ, ਖਰੀਦ ਕੇ ਨਹੀਂ ਪਾ ਸਕਦੇ। ਜਿਸ ਨੇ ਸਾਨੂੰ ਨਵੇਂ, ਸਾਫ-ਸੁਥਰੇ ਕੱਪੜੇ ਪਾਉਣ ਦਾ ਅਧਿਕਾਰ ਲੈ ਕੇ ਦਿੱਤਾ।

**ਲੈਵੀ :** ਕੀ ਚਾਚੀ ਸਾਨੂੰ ਪਹਿਲਾਂ ਨਵੇਂ ਕੱਪੜੇ, ਚੰਗਾ ਘਰ, ਚੰਗਾ ਖਾਣਾ-ਖਾਣ ਦਾ ਹੱਕ ਨਹੀਂ ਸੀ?

**ਚਾਚੀ :** ਸ੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਤੋਂ ਪਹਿਲਾਂ ਸਾਡੇ ਲਈ ਪ੍ਰਭ ਦਾ ਨਾਮ ਜਪਣਾ, ਚੰਗੇ ਕੱਪੜੇ ਪਾਉਣੇ, ਚੰਗਾ ਖਾਣਾ-ਖਾਣਾ, ਚੰਗੀਆਂ ਥਾਵਾਂ 'ਤੇ ਰਹਿਣਾ ਆਦਿ ਸਭ ਕੁਝ ਦੀ ਮਨਾਹੀ ਸੀ। ਬਰਿਹਸਤਖੀ ਸਿਮਰਤੀ ਅਧਿਆਇ 12 ਸਲੋਕ 13 ਵਿਚ ਲਿਖਿਆ ਹੈ ਕਿ ਜੇਕਰ ਸ਼ੂਦਰ ਧਾਰਮਿਕ ਸਿਖਿਆਵਾਂ ਨੂੰ ਸਿਖਾਵੇ ਜਾਂ ਵੇਦਾਂ ਦੇ ਸ਼ਬਦ ਉਚਾਰੇ ਜਾਂ ਬ੍ਰਾਹਮਣ ਦਾ ਅਪਮਾਨ ਕਰੇ ਤਾਂ ਉਸ ਦੀ ਸਜ਼ਾ ਇਹ ਹੈ ਕਿ ਉਸ ਦੀ ਜੀਭ ਖਿਚ ਦਿੱਤੀ ਜਾਵੇ।

**ਲੈਵੀ :** ਚਾਚੀ ਫਿਰ ਸ੍ਰੀ ਗੁਰੂ ਰਵਿਦਾਸ ਜੀ ਨੇ ਕੀ ਕੀਤਾ?

**ਚਾਚੀ :** ਗੁਰੂ ਜੀ ਨੇ ਪ੍ਰਭ ਦੀ ਭਗਤੀ ਕੀਤੀ, ਪੜ੍ਹਾਈ-ਲਿਖਾਈ ਕੀਤੀ, ਬ੍ਰਾਹਮਣਾਂ ਦਾ ਪਹਿਰਾਵਾ ਧੋਤੀ ਤੇ ਤਿਲਕ ਲਗਾਇਆ, ਸੰਖ ਵਜਾਇਆ, ਜਿਸ ਦਾ ਉਸ ਸਮੇਂ ਦੇ ਬ੍ਰਾਹਮਣਾਂ ਨੂੰ ਬੜਾ ਦੁੱਖ ਲੱਗਾ। ਇਸ ਨਾਲ ਪੂਰੇ ਭਾਰਤ ਵਿੱਚ ਇਹ ਗੱਲ ਫੈਲ ਗਈ ਕਿ ਕਾਂਸ਼ੀ ਵਿੱਚ ਇੱਕ ਅਛੂਤ (ਗੁਰੂ) ਰਵਿਦਾਸ ਵੇਦਾਂ-ਪੁਰਾਣਾਂ ਦੇ ਵਿਰੁੱਧ ਹੋ ਕੇ ਸਾਰੇ ਬ੍ਰਾਹਮਣੀ ਕੰਮ ਕਰਦਾ ਹੈ। ਇਸ ਨਾਲ ਸਾਡੇ ਲਿਤਾੜੇ ਤੇ ਪਿਛਾੜੇ ਸਮਾਜ ਵਿੱਚ ਬਗਾਵਤ ਦਾ ਬੀਜ ਬੀਜਿਆ ਗਿਆ। ਫਿਰ ਸਾਡੇ ਸਮਾਜ ਨੇ ਸੰਘਰਸ਼ ਸ਼ੁਰੂ ਕਰ ਦਿੱਤਾ। ਤੈਨੂੰ ਪਤਾ ਹੈ ਕਿ ਰੱਬ ਵੀ ਉਨ੍ਹਾਂ ਦੀ ਮਦਦ ਕਰਦਾ ਹੈ, ਜਿਹੜੇ ਆਪਣੀ ਮਦਦ ਆਪ ਕਰਦੇ ਹਨ।

**ਲੈਵੀ :** ਚਾਚੀ ਰੱਬ ਦੀ ਗੱਲ ਤੋਂ ਮੈਨੂੰ ਯਾਦ ਆਇਆ ਕਿ ਅੱਜ ਕੱਲ ਵਟਸਐਪ ਅਤੇ ਹੋਰ ਕਿਤਾਬਾਂ ਵਿੱਚ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਰੱਬ ਹੈ ਹੀ ਨਹੀਂ, ਰੱਬ ਦੀ ਪੂਜਾ ਦਾ ਕੀ ਲਾਭ। ਰੱਬ ਤਾਂ ਇੱਕ ਵਹਿਮ ਹੀ ਹੈ।

**ਚਾਚੀ** : ਨਹੀਂ ਧੀਏ! ਰੱਬ ਦੀ ਹੋਂਦ ਤੋਂ ਅਸੀਂ ਇਨਕਾਰ ਨਹੀਂ ਕਰ ਸਕਦੇ। ਸਾਡੇ ਰਹਿਬਰ ਭਗਵਾਨ ਵਾਲਮੀਕਿ, ਗੁਰੂ ਨਾਮਦੇਵ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਨਕ ਸਾਰਿਆਂ ਨੇ ਰੱਬ ਦੀ ਹੋਂਦ ਨੂੰ ਮੰਨਿਆ ਹੈ। ਸੰਸਾਰ ਦੇ ਲੱਗਭਗ ਸਾਰੇ ਧਰਮ, ਇਸਲਾਮ, ਇਸਾਈ, ਹਿੰਦੂ, ਸਿੱਖ, ਯਹੂਦੀ, ਜੈਨੀ ਆਦਿ ਰੱਬ ਨੂੰ ਮੰਨਦੇ ਹਨ। ਤੂੰ ਹੀ ਦੱਸ ਕਿ ਉਪਰੋਕਤ ਰਹਿਬਰ ਅਤੇ ਸਾਰੇ ਧਰਮ ਸਹੀ ਕਹਿ ਰਹੇ ਹਨ ਜਾਂ ਇਹ ਵਟਸਐਪ ਵਾਲੇ ਪ੍ਰਚਾਰਕ।

**ਲੈਵੀ** : ਪਰ ਚਾਚੀ ਮੈਨੂੰ ਪੱਕਾ ਪਤਾ ਹੈ ਕਿ ਬੁੱਧ ਧਰਮ ਜਿਹੜਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਵੀ ਅਪਣਾਇਆ, ਰੱਬ ਨੂੰ ਬਿਲਕੁਲ ਨਹੀਂ ਮੰਨਦਾ। ਕੀ ਉਹ ਧਰਮ ਸਹੀ ਨਹੀਂ।

**ਚਾਚੀ** : ਨਹੀਂ ਬੱਚੀਏ! ਬੁੱਧ ਧਰਮ ਦੁਨੀਆ ਦਾ ਬਹੁਤ ਹੀ ਵਧੀਆ, ਉੱਚਾ ਤੇ ਸੁੱਚਾ ਧਰਮ ਹੈ। ਜਿੱਥੋਂ ਤੱਕ ਮੈਨੂੰ ਗਿਆਨ ਹੈ ਬੁੱਧ ਧਰਮ ਆਤਮਾ ਅਤੇ ਪ੍ਰਮਾਤਮਾ ਦੀ ਹੋਂਦ ਸਬੰਧੀ ਚੁੱਪ ਹੈ, ਉਸ ਨੇ ਰੱਬ ਦੀ ਹੋਂਦ ਨੂੰ ਖੁੱਲ੍ਹੇ ਰੂਪ ਵਿੱਚ ਨਕਾਰਿਆ ਵੀ ਨਹੀਂ ਹੈ। ਇਸ ਕਰਕੇ ਦਾਹਵੇ ਨਾਲ ਰੱਬ ਦੀ ਹੋਂਦ ਨੂੰ ਨਕਾਰਨਾ ਤਾਂ ਗਲਤ ਹੈ। ਪ੍ਰੋ. ਲ਼ਾਲ ਸਿੰਘ ਨੇ ਆਪਣੀ ਪੁਸਤਕ 'ਵਿਸ਼ਵ ਸੰਵਿਧਾਨ ਦੇ ਸਿਰਜਕ ਗੁਰੂ ਰਵਿਦਾਸ ਜੀ' ਵਿੱਚ ਇਹ ਸਾਬਿਤ ਕੀਤਾ ਹੈ ਕਿ ਡਾ. ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਸਿਰਜਣਾ ਗੁਰੂ ਰਵਿਦਾਸ ਜੀ ਦੇ ਸ਼ਬਦ "ਬੇਗਮਪੁਰਾ ਸਹਰ ਕੋ ਨਾਉ" ਨੂੰ ਸਾਹਮਣੇ ਰੱਖ ਕੇ ਕੀਤੀ ਹੈ। ਇਸ ਤੋਂ ਪਹਿਲਾਂ ਬਾਬਾ ਸਾਹਿਬ ਜੀ ਨੇ ਆਪਣੀ ਪੁਸਤਕ "ਦਾ ਅਨਟੱਚਏਬਲ" ਵੀ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਕੀਤੀ ਹੈ। ਬਾਬਾ ਸਾਹਿਬ ਸਤਿਗੁਰ ਕਬੀਰ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਹੁਣ ਜੇ ਰੱਬ ਦੀ ਹੋਂਦ ਨੂੰ ਰੱਦ ਕਰਨਾ ਇੰਨਾ ਜ਼ਰੂਰੀ ਕੰਮ ਹੁੰਦਾ, ਜਿੰਨਾ ਕਿ ਅੱਜ ਪ੍ਰਚਾਰਿਆ ਜਾ ਰਿਹਾ ਹੈ ਤਾਂ ਬਾਬਾ ਸਾਹਿਬ ਨੇ ਰੱਬ ਦੀ ਹੋਂਦ ਨੂੰ ਮੰਨਣ ਵਾਲੇ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਜੀ ਨੂੰ ਇੰਨਾ ਸਨਮਾਨ ਕਿਉਂ ਦਿੱਤਾ।

**ਲੈਵੀ** : ਚਾਚੀ, ਮੈਂ ਸੁਣਿਆ ਪਹਿਲਾਂ ਬਾਬਾ ਸਾਹਿਬ ਸਿੱਖ ਧਰਮ ਨੂੰ ਅਪਣਾਉਣਾ ਚਾਹੁੰਦੇ ਸਨ।

**ਚਾਚੀ** : ਹਾਂ ਬੱਚੀਏ! ਇਹ ਪੰਜਾਬ ਦੇ ਲੋਕਾਂ ਦੀ ਬਦਕਿਸਮਤੀ ਕਹਿ ਲਵੋ। ਬਾਬਾ ਸਾਹਿਬ ਜੀ ਨੇ ਸਿੱਖ ਧਰਮ ਅਪਣਾਉਣ ਦੇ ਸਾਰੇ ਪ੍ਰਬੰਧ ਕਰ ਲਏ ਸਨ ਪ੍ਰੰਤੂ ਐਨ ਮੌਕੇ 'ਤੇ ਕੁਝ ਅਖੌਤੀ ਲੀਡਰਾਂ ਨੂੰ ਇਹ ਡਰ ਪੈ ਗਿਆ ਕਿ ਜੇਕਰ ਡਾ. ਅੰਬੇਡਕਰ ਜੀ ਸਿੱਖ ਬਣ ਗਏ ਤਾਂ ਸਿੱਖਾਂ ਦਾ ਲੀਡਰ ਤਾਂ ਡਾ. ਅੰਬੇਡਕਰ ਬਣ ਜਾਊ, ਸਾਨੂੰ ਕਿਹਨੇ ਪੁੱਛਣਾ। ਫਿਰ ਪੰਜਾਬ ਦਾ ਜਣਾ-ਖਣਾ ਦਲਿਤ, ਸਿੱਖ ਬਣਿਆ ਫਿਰੂ, ਨਾਲੇ ਪੰਜਾਬ ਵਿੱਚੋਂ ਜਾਤ ਪਾਤ ਖਤਮ ਹੋ ਜਾਊ। ਅਸੀਂ ਉੱਚ ਜਾਤੀਏ ਆਪਣੀ ਲੀਡਰੀ ਕਿੱਥੇ ਚਮਕਾਵਾਂਗੇ! ਇਸ ਤਰ੍ਹਾਂ ਅਖੌਤੀ ਲੀਡਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ "**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ॥**" ਅਤੇ **ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥** ਸਿਧਾਂਤਾਂ ਦੀ ਬਲੀ ਚੜ੍ਹਾ ਦਿੱਤੀ।

**ਲੈਵੀ** : ਚਾਚੀ, ਮੈਂ ਕਈ ਕਿਤਾਬਾਂ ਵਿੱਚ ਪੜ੍ਹਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਕਤਲ ਹੋਇਆ, ਗੁਰੂ ਜੀ ਬੋਧੀ ਸਨ, ਗੁਰੂ ਜੀ ਸਿਰਫ ਕ੍ਰਾਂਤੀਕਾਰੀ ਸਨ।

**ਚਾਚੀ** : ਬੱਚੀਏ! ਇਹ ਇਕ ਸਾਜਿਸ਼ ਤਹਿਤ ਕੁਝ ਅਖੌਤੀ ਧਾਰਮਿਕ ਠੇਕੇਦਾਰਾਂ ਵੱਲੋਂ ਸ੍ਰੀ ਗੁਰੂ

ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਹੈ ਤਾਂ ਕਿ ਉਨ੍ਹਾਂ ਦੇ ਧਰਮ ਵਿੱਚ ਲੋਕਾਂ ਦੀ ਗਿਣਤੇ ਵਧੇ। ਪਰ ਸਾਰੇ ਧਰਮਾਂ ਦੇ ਅਸਲੀ ਆਗੂ, ਪ੍ਰਚਾਰਕ ਅਤੇ ਪੈਰੋਕਾਰ ਕਿਸੇ ਨੂੰ ਵਰਗਲਾ ਕੇ ਆਪਣੇ ਧਰਮ ਵਿੱਚ ਸ਼ਾਮਿਲ ਕਰਨ ਨੂੰ ਇੱਕ ਕੋਝੀ ਹਰਕਤ ਸਮਝਦੇ ਹਨ। ਪੁਰਾਤਨ ਸਰੋਤਾਂ ਵਿਚ ਇਸ ਕਤਲ ਦੀ ਘਟਨਾ ਅਤੇ ਗੁਰੂ ਰਵਿਦਾਸ ਜੀ ਦੇ ਬੋਧੀ ਹੋਣ ਦਾ ਕਿਤੇ ਵੀ ਹਵਾਲਾ ਨਹੀਂ ਹੈ। ਅੱਜ ਤੱਕ ਬਹੁਤ ਸਾਰੇ ਵਿਦਵਾਨਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਪੀ.ਐਚ.ਡੀ. ਕੀਤੀ। ਕਿਸੇ ਨੇ ਵੀ ਇਹ ਹਵਾਲਾ ਨਹੀਂ ਦਿੱਤਾ। ਗੁਰੂ ਰਵਿਦਾਸ ਜੀ ਦੀ ਉਮਰ 151 ਸਾਲ ਹੋਈ ਹੈ। ਜੇਕਰ ਕਤਲ ਹੀ ਹੋਣਾ ਸੀ ਤਾਂ ਉਨ੍ਹਾਂ ਦਾ ਕਤਲ ਪਹਿਲਾਂ ਹੀ ਹੋ ਜਾਂਦਾ। ਸ੍ਰੀ ਗੁਰੂ ਰਵਿਦਾਸ ਜੀ ਦਾ ਦਿਹਾਂਤ ਕੁਦਰਤੀ ਰੂਪ ਵਿੱਚ ਹੋਇਆ। ਪ੍ਰੋ. ਲਾਲ ਸਿੰਘ ਜੀ ਨੇ ਆਪਣੀ ਪੁਸਤਕ 'ਇਤਿਹਾਸਕ ਜੀਵਨੀ ਸ੍ਰੀ ਗੁਰੂ ਰਵਿਦਾਸ ਜੀ' ਦੀ ਵਿੱਚ ਇਹੋ ਜਿਹੇ ਸਾਰੇ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ ਹੈ ਜਾਂ ਅਲਮਾਰੀ ਵਿਚੋਂ ਪੁਸਤਕ ਲੈ ਕੇ ਆ।

**ਲੈਵੀ :** ਚਾਚੀ ਅਲਮਾਰੀ ਵਿੱਚ ਤਾਂ ਬਹੁਤ ਸਾਰੀਆਂ ਕਿਤਾਬਾਂ ਹਨ। ਪ੍ਰੋ. ਲਾਲ ਸਿਘ ਜੀ ਦੀ ਕਿਤਾਬ ਕਿਹੜੀ ਹੈ।

**ਚਾਚੀ :** ਪ੍ਰੋ.ਲਾਲ ਸਿੰਘ ਜੀ ਦੀ ਕਿਤਾਬ ਮਜੀਠ ਰੰਗ ਦੀ ਜਿਲਤ ਵਾਲੀ ਹੀ ਹੋਣੀ ਐ।

**ਲੈਵੀ :** ਚਾਚੀ! ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਦੀਆਂ ਜਿਲਦਾਂ ਮਜੀਠ ਜਾਂ ਲਾਲ ਰੰਗ ਜਿਹੀਆਂ ਕਿਉਂ ਹਨ?

**ਚਾਚੀ :** ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਦਾ ਰੰਗ ਗੂੜ੍ਹਾ ਲਾਲ ਜਾਂ ਲਾਖਾ ਭਾਵ ਮਜੀਠ ਦਾ ਹੈ। ਤੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨਹੀਂ ਪੜ੍ਹੀ **ਮੇਰੇ ਰਮੀਈਏ ਰੰਗ ਮਜੀਠ ਕਾ ਕਹੁ ਰਵਿਦਾਸ ਚਮਾਰ ॥** ਸਾਡੇ ਆਦਿ ਧਰਮੀ ਮੰਗੂਵਾਲੀਏ ਗਦਰੀ ਬਾਬੇ ਵੀ ਗਾਇਆ ਕਰਦੇ ਸਨ। **"ਰੰਗਾ ਲੈ ਲਾਲ ਪਗੜਾ ਹੋ ਤਗੜਾ।"**

**ਲੈਵੀ :** ਚਾਚੀ! ਵਟਸਐਪ 'ਤੇ ਤਾਂ ਇਹ ਵੀ ਪ੍ਰਚਾਰ ਹੋ ਰਿਹਾ ਹੈ ਕਿ ਗੁਰੂ ਸਾਹਿਬਾਨਾਂ ਨੇ ਕੇਵਲ ਨਾਮ ਜਪਾਇਆ ਹੈ। ਸਭ ਮਨੁੱਖ ਬਰਾਬਰ ਹੋਣ ਦਾ ਉਪਦੇਸ਼ ਦਿੱਤਾ ਭਾਵ ਜੇਕਰ ਸਾਡੇ ਨਾਲ ਕੋਈ ਧੱਕਾ ਕਰਦਾ ਹੈ ਤਾਂ ਇਸ ਨੂੰ ਪ੍ਰਮਾਤਮਾ ਦੀ ਰਜ਼ਾ ਸਮਝੀਏ।

**ਚਾਚੀ :** ਨਹੀਂ ਲੈਵੀ, ਇਹ ਅਣਭੋਲੀਆਂ ਗੱਲਾਂ ਉਹ ਕਰਦੇ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਅਤੇ ਵਿਚਾਰਿਆ ਨਹੀਂ। ਤੂੰ ਗੁਰੂ ਰਵਿਦਾਸ ਜੀ ਨੂੰ ਪੜ੍ਹ; **"ਸਤਿਸੰਗਿਤ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥"** ਭਾਵ ਐਹ ਮੇਰੇ ਸਮਾਜ ਦੇ ਲੋਕੋ! ਇਕੱਠੇ ਹੋਵੋ, ਜੇਕਰ ਕੋਈ ਤੁਹਾਡੇ ਹੱਕ ਖੋਹਣ ਦਾ ਯਤਨ ਕਰਦਾ ਹੈ ਤਾਂ ਮਧੂ ਮੱਖੀਆਂ ਵਾਂਗ ਇਕੱਠੇ ਹੋ ਕੇ ਉਸ ਉਤੇ ਹੱਲਾ ਬੋਲੋ। ਤੂੰ ਸਤਿਗੁਰ ਕਬੀਰ ਜੀ ਨੂੰ ਪੜ੍ਹ, **"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"** ਤੂੰ ਸਤਿਗੁਰ ਨਾਨਕ ਜੀ ਨੂੰ ਪੜ੍ਹ, **"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥"**

**ਲੈਵੀ :** ਚਾਚੀ, ਗੁਰੂ ਰਵਿਦਾਸ ਜੀ ਦੇ ਅਨੁਯਾਈ ਹੋਣ ਦਾ ਮਖੌਟਾ ਪਹਿਨ ਕੇ ਉਨ੍ਹਾਂ ਦੀ ਹੀ ਵਿਚਾਰਧਾਰਾ ਦੇ ਵਿਰੁੱਧ ਪ੍ਰਚਾਰ ਕਰਨ ਦਾ ਨਤੀਜਾ ਕੀ ਨਿਕਲੇਗਾ?

**ਚਾਚੀ** : ਲੈਵੀ ! ਭਾਰਤ ਵਿਚ ਆਈਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਕ੍ਰਾਂਤੀਆਂ ਵਿਚ ਪੰਜਾਬ ਨੇ ਹਮੇਸ਼ਾ ਮੁੱਖ ਰੋਲ ਅਦਾ ਕੀਤਾ ਹੈ। ਦਲਿਤ ਸਮਾਜ ਦੀ ਕ੍ਰਾਂਤੀ ਵਿਚ ਵੀ ਪੰਜਾਬ ਦਾ ਮੁੱਖ ਰੋਲ ਹੈ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਅਤੇ ਦੂਸਰੇ ਰਾਜਾਂ ਤੋਂ ਆਏ ਅਜਿਹੇ ਪ੍ਰਚਾਰਕਾਂ ਨੇ ਇਸ ਕ੍ਰਾਂਤੀ ਨੂੰ ਖੁੰਢਾ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਨੇ ਗੁਰੂ ਸਾਹਿਬਾਨਾਂ ਦੇ ਉਪਾਸ਼ਕਾਂ ਅਤੇ ਬਾਬਾ ਸਾਹਿਬ ਨੂੰ ਮੰਨਣ ਵਾਲਿਆਂ ਵਿਚ ਕੰਧ ਖੜ੍ਹੀ ਕਰ ਦਿੱਤੀ ਹੈ ਜਦ ਕਿ ਪੰਜਾਬ ਦੇ ਦਲਿਤ ਗੁਰੂ ਸਾਹਿਬਾਨਾਂ ਅਤੇ ਬਾਬਾ ਸਾਹਿਬ ਨੂੰ ਸਾਂਝੇ ਰੂਪ ਵਿਚ ਦੇਖਣਾ ਚਾਹੁੰਦੇ ਹਨ। ਇਹ ਪ੍ਰਚਾਰਕ ਸਿੱਧੇ ਅਤੇ ਅਸਿੱਧੇ ਢੰਗ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਗੁਰੂ ਸਾਹਿਬਾਨਾਂ ਅਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਡੇਰਿਆਂ ਨਾਲੋਂ ਤੋੜਨ ਦਾ ਯਤਨ ਕਰ ਰਹੇ ਹਨ ਜਦ ਕਿ ਲੋੜ ਤਾਂ ਇਹ ਹੈ ਕਿ ਗੁਰੂ ਸਾਹਿਬਾਨਾਂ ਅਤੇ ਬਾਬਾ ਸਾਹਿਬ ਨੂੰ ਮੰਨਣ ਵਾਲੇ ਇਕ ਮੰਚ 'ਤੇ ਇਕੱਠੇ ਹੋਣ।

**ਲੈਵੀ** : ਪਰ ਚਾਚੀ ! ਮੈ ਸੁਣਿਆ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਬਿਨਪਾਲਕੇ ਡਾ: ਅੰਬੇਡਕਰ ਜੀ ਦੀਆਂ ਕਿਤਾਬਾਂ ਵੀ ਛਾਪਦੀ ਹੈ ਤੇ ਬਾਬਾ ਸਾਹਿਬ ਦੀਆਂ ਕਿਤਾਬਾਂ 'ਤੇ ਜੋ ਕੰਪੀਟੀਸ਼ਨ ਹੁੰਦੇ ਹਨ, ਉਸ ਦੇ ਸੈਂਟਰ ਵੀ ਬਣਾਉਂਦੀ ਹੈ।

**ਚਾਚੀ** : ਹਾਂ ਲੈਵੀ ! ਸੰਸਥਾ ਦੇ ਜਨਰਲ ਸਕੱਤਰ ਚਰਨਜੀਤ ਨਾਲ ਮੇਰੀ ਫੋਨ 'ਤੇ ਗੱਲ ਹੋਈ ਸੀ। ਉਹ ਵੀ ਇਸ ਸਮਾਜਿਕ ਅਰਾਜਕਤਾ ਤੋਂ ਦੁਖੀ ਹਨ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਚਾਰ ਨਾਲ ਉਹ ਬਾਬਾ ਸਾਹਿਬ ਦੇ ਮਿਸ਼ਨ ਤੋਂ ਪਿੱਛੇ ਹਟਣ ਵਾਲੇ ਨਹੀਂ, ਪਰ ਆਉਣ ਵਾਲੇ ਸਮੇਂ ਉਹ ਇਸ ਗੱਲ ਦਾ ਖਿਆਲ ਜ਼ਰੂਰ ਰੱਖਣਗੇ ਕਿ ਜਿਨ੍ਹਾਂ ਕਿਤਾਬਾਂ ਵਿਚ ਸਮਾਜ ਨੂੰ ਤੋੜਨ ਵਾਲਾ ਅਜਿਹਾ ਮੈਟਰ ਹੋਵੇਗਾ, ਉਨ੍ਹਾਂ ਕੰਪੀਟੀਸ਼ਨਾਂ ਦੇ ਉਹ ਸੈਂਟਰ ਨਹੀਂ ਬਣਾਉਣਗੇ।

**ਲੈਵੀ** : ਫਿਰ ਚਾਚੀ ! ਸਾਡੇ ਸਮਾਜ ਵਿਚ ਤਾਂ ਵੰਡੀਆਂ ਹੀ ਵੰਡੀਆਂ ਪਈਆਂ ਜਾ ਰਹੀਆਂ ਹਨ।

**ਚਾਚੀ** : ਚਿੰਤਾ ਦੀ ਕੋਈ ਗੱਲ ਨਹੀਂ, ਲੈਵੀ ! ਇਕ ਦਿਨ ਕੋਈ ਨਾ ਕੋਈ ਅਜਿਹਾ ਆਗੂ ਉਠੇਗਾ ਜਿਹੜਾ ਇਸ ਖਿੰਡ-ਪੁੰਡ ਹੋਏ ਸਮਾਜ ਨੂੰ ਇਕੱਠਾ ਜ਼ਰੂਰ ਕਰੇਗਾ।

**ਲੈਵੀ** : ਚੰਗਾ ਚਾਚੀ, ਮੈਂ ਹੁਣ ਚਲਦੀ ਹਾਂ। ਸਵੇਰੇ ਪ੍ਰਭਾਤ ਫੇਰੀ 'ਤੇ ਵੀ ਜਾਣਾ ਹੈ।

**ਚਾਚੀ** : ਲੈਵੀ ਗੁਰੂ ਰਵਿਦਾਸ ਜੀ ਦੀਆਂ ਇਨ੍ਹਾਂ ਧਾਰਮਿਕ ਤੇ ਸਮਾਜਿਕ ਕ੍ਰਾਂਤੀਕਾਰੀ ਗੱਲਾਂ ਨੂੰ ਪੱਲੇ ਜ਼ਰੂਰ ਬੰਨ੍ਹਣਾ ਅਤੇ ਆਪਣੇ ਭੈਣਾਂ-ਭਰਾਵਾਂ, ਸਹੇਲੀਆਂ ਵਿਚ ਵੀ ਪ੍ਰਚਾਰ ਕਰਨਾ ਹੈ।

**ਲੈਵੀ** : ਹਾਂ ਚਾਚੀ ! ਇਸ ਵਾਰ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸਮਾਗਮ 'ਤੇ ਸਟੇਜ ਸਕੱਤਰ ਮੈਂ ਹੀ ਬਣਨਾ ਹੈ। ਗੁਰੂ ਜੀ ਦੇ ਮਿਸ਼ਨ ਦੀਆਂ ਗੱਲਾਂ ਮੈਂ ਸਾਧ-ਸੰਗਤ ਵਿਚ ਵੀ ਪ੍ਰਚਾਰਾਂਗੀ। ਚੰਗਾ ਚਾਚੀ, ਜੈ ਗੁਰੂਦੇਵ !

**ਚਾਚੀ** : ਧੰਨ ਗੁਰੂਦੇਵ ! ਲੈਵੀ।

*ਹੰਕਾਰ ਅਤੇ ਪੇਟ ਜਦ ਵਧ ਜਾਵੇ ਤਾਂ ਇਨਸਾਨ ਚਾਹ ਕੇ ਵੀ ਕਿਸੇ ਨੂੰ ਗਲੇ ਨਹੀਂ ਲਗਾ ਸਕਦਾ।*

# ਸਾਰਥਕ ਕੰਮਾਂ ਦੇ ਸਿੱਟੇ



ਰਛਪਾਲ ਸਿੰਘ ਬੱਧਣ (ਚੇਅਰਮੈਨ) ਐਨ.ਬੀ. 180, ਪ੍ਰੀਤ ਨਗਰ ਸੋਢਲ ਰੋਡ ਜਲੰਧਰ
94176-10120

ਮੈਂ ਅੱਜ ਤੱਕ ਕਿਸੇ ਦੀ ਜਾਤ ਬਰਾਦਰੀ ਨਹੀਂ ਪੁੱਛੀ, ਨਾ ਹੀ ਪੁੱਛਣ ਦੀ ਲੋੜ ਮਹਿਸੂਸ ਹੋਈ। ਸਿਰਫ ਬੱਚਿਆਂ ਦੇ ਵਿਆਹਾਂ ਸਮੇਂ ਇਸ ਦੀ ਲੋੜ ਪੈਂਦੀ ਹੈ।

ਇਸ ਲੇਖ ਵਿਚ ਜਿਸ ਦਾ ਜ਼ਿਕਰ ਆਇਆ ਹੈ ਉਸ ਦਾ ਨਾਂਅ ਰਮੇਸ਼ ਚੰਦ ਹੈ। ਪਤਾ ਨਹੀਂ ਕਿਹੜੀ ਜਾਤ ਬਰਾਦਰੀ ਦਾ ਸੀ। ਉਸ ਨਾਲ ਸਾਥ ਲਗਭਗ 25 ਸਾਲ ਦਾ ਰਿਹਾ। ਉਹ ਸਾਡਾ ਚੌਥਾ ਦਰਜਾ ਕਰਮਚਾਰੀ ਸੀ। ਉਹ ਫਾਈਲਾਂ ਅਤੇ ਹੋਰ ਕਾਗਜ਼ਾਤ ਇਕ ਟੇਬਲ ਤੋਂ ਦੂਸਰੀ ਟੇਬਲ 'ਤੇ ਲੈ ਕੇ ਜਾਂਦਾ ਸੀ ਤੇ ਸਾਨੂੰ ਪਾਣੀ ਵੀ ਪਿਲਾਉਂਦਾ ਸੀ। ਉਹ ਘੰਟੇ, ਡੇਢ ਘੰਟੇ ਬਾਅਦ ਮੇਰੇ ਪਾਸ ਆਉਂਦਾ ਤੇ ਦਫਤਰ ਤੋਂ ਹੇਠਾਂ ਜਾਣ ਦੀ ਛੁੱਟੀ ਮੰਗਦਾ। ਕਦੇ ਸਾਈਕਲ ਨੂੰ ਪੈਂਚਰ ਲੁਆਉਣ ਦਾ ਬਹਾਨਾ, ਕਦੇ ਕੋਈ ਦਵਾਈ ਲੈਣ ਦਾ ਬਹਾਨਾ ਤੇ ਕਦੇ ਚਾਹ ਪੀਣ ਦਾ। ਪਰ ਇਹ ਸਾਰੇ ਬਹਾਨੇ ਹੀ ਹੁੰਦੇ ਸਨ। ਮੈਂ ਪਤਾ ਕੀਤਾ ਕਿ ਉਹ ਬਾਹਰ ਜਾ ਕੇ ਕਰਦਾ ਕੀ ਹੈ। ਪਤਾ ਲੱਗਿਆ ਕਿ ਉਹ ਸਿਗਰਟ ਪੀਂਦਾ ਹੈ ਤੇ ਹੇਠਾਂ ਚਾਹ ਦੀ ਦੁਕਾਨ 'ਚ ਲੁਕੋ ਕੇ ਰੱਖੇ ਹੋਏ ਸ਼ਰਾਬ ਦੇ ਅਧੀਏ 'ਚੋਂ ਥੋੜ੍ਹਾ ਜਿਹਾ ਪੈੱਗ ਬਣਾ ਕੇ ਪੀਂਦਾ ਹੈ। ਉਪਰ ਆ ਕੇ ਬੁਲ ਘੁਟ ਕੇ ਰੱਖਦਾ ਤੇ ਪਹਿਲਾਂ ਨਾਲੋਂ ਛੋਹਲਾ ਹੋ ਜਾਂਦਾ।

ਤਿੰਨ-ਚਾਰ ਸਾਲ ਇਹ ਸਿਲਸਿਲਾ ਚਲਦਾ ਰਿਹਾ। ਫਿਰ ਮੈਂ ਉਸ ਵਿਚ ਬਹੁਤ ਸਾਰੀਆਂ ਤਬਦੀਲੀਆਂ ਮਹਿਸੂਸ ਕੀਤੀਆਂ। ਉਸ ਨੇ ਦਸ ਮਿੰਟ ਦਫਤਰ ਦੇ ਹੇਠਾਂ ਜਾਣ ਦੀ ਛੁੱਟੀ ਲੈਣੀ ਬੰਦ ਕਰ ਦਿੱਤੀ, ਬੁਲ੍ਹ ਘੁਟ ਕੇ ਗੱਲ ਕਰਨੀ ਛੱਡ ਦਿੱਤੀ। ਇਹ ਸਿਲਸਿਲਾ ਇਕ ਸਾਲ ਤੱਕ ਚਲਦਾ ਰਿਹਾ। ਤਿੰਨ ਸਾਲ ਵਿਚ ਉਸ ਦੇ ਚਿਹਰੇ 'ਤੇ ਕੁਝ ਰੌਣਕ ਆ ਗਈ ਸੀ। ਉਸ ਦੇ ਕੱਪੜੇ ਧੋਤੇ ਹੋਏ ਤੇ ਪ੍ਰੈਸ ਕੀਤੇ ਹੋਏ ਲੱਗਦੇ, ਬੂਟ ਰੋਜ਼ਾਨਾ ਪਾਲਿਸ਼ ਕਰਕੇ ਪਾਉਣ ਲੱਗਾ ਤੇ ਪਹਿਲਾਂ ਨਾਲੋਂ ਖੁਸ਼-ਖੁਸ਼ ਰਹਿਣਾ ਮਹਿਸੂਸ ਲੱਗਣ ਲੱਗਾ। ਕੁਝ ਦੇਰ ਬਾਅਦ ਉਸ ਨੇ ਨਵਾਂ ਸਾਈਕਲ ਲੈ ਲਿਆ। ਫਿਰ ਉਸ ਨੇ ਦੱਸਿਆ ਕਿ ਉਸ ਨੇ ਪਿੰਡ ਦੋ ਕਮਰੇ ਹੋਰ ਬਣਾ ਲਏ ਹਨ। ਲੜਕੀਆਂ ਪੜ੍ਹ ਰਹੀਆਂ ਹਨ। ਹੁਣ ਮੌਜਾਂ ਹੀ ਮੌਜਾਂ ਹਨ।

ਮੈਂ ਇਨ੍ਹਾਂ ਹੋਈਆਂ ਤਬਦੀਲੀਆਂ ਬਾਰੇ ਸੋਚਦਾ ਰਿਹਾ। ਮੈਨੂੰ ਲੱਗਾ ਕਿ ਇਸ ਨੇ ਕੋਈ ਗੁਰੂ ਧਾਰਨ ਕੀਤਾ ਹੈ, ਕਿਸੇ ਪਾਸੋਂ ਨਾਮ ਦਾਨ ਲਿਆ ਹੈ। ਮੂੰਹ ਵਿਚ ਹਰ ਸਮੇਂ ਸਿਮਰਨ ਕਰਦਾ ਹੈ ਪਰ ਇਨ੍ਹਾਂ ਗੱਲਾਂ ਬਾਰੇ ਮੈਂ ਉਸ ਤੋਂ ਪੁੱਛ ਨਾ ਸਕਿਆ।

ਫਿਰ ਉਸ ਦੇ ਰਿਟਾਇਰਮੈਂਟ ਦਾ ਦਿਨ ਆ ਗਿਆ। ਉਸ ਦਿਨ ਉਸ ਨਾਲ ਪਰਿਵਾਰਕ ਮੈਂਬਰ ਤੇ ਪਿੰਡ ਦੇ ਦੋ-ਚਾਰ ਸੱਜਣ ਸਨ। ਇਹ ਸਾਰੇ ਸਕੂਟਰਾਂ, ਮੋਟਰ ਸਾਈਕਲਾਂ 'ਤੇ ਆਏ। ਪਾਰਟੀ ਤੋਂ ਬਾਅਦ ਜਾਣ ਲੱਗਾ ਤਾਂ ਮੈਨੂੰ ਬਾਹੋਂ ਫੜ ਕੇ ਕੁਝ ਦੂਰ ਲੈ ਗਿਆ। ਉਸ ਨੇ ਮੇਰੇ ਗੋਡੇ ਹੱਥ ਲਾਉਂਦਿਆਂ ਕਿਹਾ ਕਿ, "ਅੰਕਲ ਜੀ! ਤੁਸੀਂ ਮੇਰੀ ਜ਼ਿੰਦਗੀ ਬਣਾ ਦਿੱਤੀ ਏ। ਆਹ ਸਕੂਟਰ ਵੀ ਮੈਂ ਪਰਸੋਂ ਖਰੀਦਿਆ ਹੈ। ਦੋ ਮਹੀਨਿਆਂ ਤੱਕ ਬੇਟੀ ਦਾ ਵਿਆਹ ਰੱਖਿਆ ਹੈ। ਦਾਜ ਬਣਾ ਲਿਆ ਹੈ। 5-7 ਲੱਖ ਰੁਪਿਆ ਬੈਂਕ ਵਿਚ ਹੈ। ਹੁਣ ਰਿਟਾਇਰਮੈਂਟ 'ਤੇ ਫੰਡ ਦੇ 5-6 ਲੱਖ ਮਿਲ ਜਾਣਗੇ। ਇਹ ਸਭ ਤੁਹਾਡੀ ਕਿਰਪਾ ਹੋਈ ਹੈ।"

ਪੁੱਛਣ 'ਤੇ ਉਸ ਨੇ ਦੱਸਿਆ ਕਿ ਤੁਸੀਂ ਹਰ ਸਾਲ ਜਿਹੜਾ ਲਿਟਰੇਚਰ ਛਾਪ ਕੇ ਵੰਡਦੇ ਹੋ ਉਸ ਦੀਆਂ ਕੁਝ ਕਾਪੀਆਂ ਮੈਨੂੰ ਵੀ ਦਿੰਦੇ ਹੋ। ਉਹ ਮੈਂ ਪਿੰਡ ਵਿਚ ਵੰਡ ਦਿੰਦਾ ਹਾਂ ਅਤੇ ਆਪ ਵੀ ਪੜ੍ਹਦਾ ਹਾਂ। ਸਾਰੇ ਪੰਫਲੈਟ ਮੈਂ ਸਾਂਭ ਕੇ ਰੱਖੇ ਹੋਏ ਨੇ। ਪੜ੍ਹ ਕੇ ਅਕਲ ਆਈ ਕਿ ਜ਼ਿੰਦਗੀ ਕਿੰਨੀ ਕੀਮਤੀ ਹੈ। ਅਮੁੱਲ ਹੀਰਿਆਂ ਵਰਗੀ ਏ। ਬੱਸ ਅਕਲ ਆਈ ਤਾਂ ਸਿਗਰਟਾਂ ਛੁੱਟ ਗਈਆਂ, ਸ਼ਰਾਬ ਛੁੱਟ ਗਈ, ਜਰਦਾ ਵੀ ਛੁੱਟ ਗਿਆ ਅਤੇ ਹਰ ਮਹੀਨੇ ਦਾ ਫਾਲਤੂ ਖਰਚਾ ਬਚਣ ਲੱਗ ਪਿਆ। ਬਸ ਇਨ੍ਹਾਂ ਪੈਸਿਆਂ ਨਾਲ ਹੀ ਮੇਰੀ ਜ਼ਿੰਦਗੀ ਬਣ ਗਈ ਤੇ ਸਿਹਤ ਵੀ ਠੀਕ ਹੋ ਗਈ। ਉਸ ਨੇ ਦੁਬਾਰਾ ਮੇਰੇ ਗੋਡੇ ਹੱਥ ਲਾਉਣ ਦੀ ਕੋਸ਼ਿਸ਼ ਕੀਤੀ।

ਇਸੇ ਤਰ੍ਹਾਂ ਇਕ ਵਾਰ ਜਦੋਂ ਮੈਂ ਬਨਾਰਸ ਗਿਆ ਤਾਂ ਬੇੜੀ ਰਾਹੀਂ ਘਾਟਾਂ ਦੀ ਜਾਣਕਾਰੀ ਲੈ ਰਿਹਾ ਸਾਂ। ਇਕ ਲੜਕੀ ਨੂੰ ਮੇਰੇ ਬਾਰੇ ਪਤਾ ਲੱਗਾ ਤਾਂ ਉਸ ਨੇ ਵੀ ਆ ਕੇ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਹਾਡੀਆਂ ਛੋਟੀਆਂ ਪੁਸਤਕਾਂ ਨੇ ਮੈਨੂੰ ਬਹੁਤ ਅਗਵਾਈ ਦਿੱਤੀ ਹੈ। ਇਹ ਕੁੜੀ ਸ਼ਾਇਦ ਆਦਮਪੁਰ ਦੇ ਨੇੜੇ ਕਿਸੇ ਪਿੰਡ ਦੀ ਸੀ। ਕੁਝ ਦਿਨ ਹੋਏ ਪਿੰਡ ਆਹਨ ਖੇੜੀ ਮਾਲੇਰਕੋਟਲਾ ਤੋਂ ਸਤਿਵੀਰ ਸਿੰਘ ਜੀ ਦਾ ਫ਼ੋਨ ਆਇਆ। ਉਨ੍ਹਾਂ ਨੇ ਗੁਰੂ ਜੀ ਦੀ ਬਾਣੀ ਦੇ ਪੰਜਾਹ ਗੁਟਕਾ ਸਾਹਿਬ ਭੇਜਣ ਲਈ ਕਿਹਾ ਤੇ ਨਾਲ ਹੀ ਦੱਸਿਆ ਕਿ ਮੈਂ ਸਤਿਕਾਰਯੋਗ ਸੰਤ ਬਾਬਾ ਤੋਤਾ ਮੱਲ ਜੀ ਆਹਨ ਖੇੜੀ ਵਾਲਿਆਂ ਦਾ ਚਰਨ ਸੇਵਕ ਹਾਂ। 10-12 ਸਾਲ ਪਹਿਲਾਂ ਬਚਪਨ ਵਿਚ ਤੁਹਾਡੀਆਂ ਕਿਤਾਬਾਂ ਸੰਤ ਤੋਤਾ ਮੱਲ ਜੀ ਨੇ ਪੜ੍ਹਨ ਨੂੰ ਦਿੱਤੀਆਂ। ਬੱਸ ਉਦੋਂ ਤੋਂ ਹੀ ਮੈਂ ਗੁਰੂ ਰਵਿਦਾਸ ਬਾਣੀ ਅਤੇ ਸੰਤ ਤੋਤਾ ਮੱਲ ਜੀ ਦਾ ਮੁਰੀਦ ਹੋ ਗਿਆ ਹਾਂ। ਕਈ ਸਾਲਾਂ ਬਾਦ ਜਦ ਤੁਹਾਡਾ ਉਹ ਪੁਰਾਣਾ ਕਿਤਾਬਚਾ ਪੜ੍ਹਿਆ ਤਾਂ ਮੈਨੂੰ ਬਹੁਤ ਜ਼ਿਆਦਾ ਖੁਸ਼ੀ ਹੋਈ। ਉਸ ਕਿਤਾਬਚੇ ਵਿਚਲੇ ਵਿਚਾਰ ਅੱਜ ਵੀ ਓਨੇ ਹੀ ਸਾਰਥਕ ਹਨ ਜਿੰਨੇ ਪਹਿਲਾਂ ਸਨ। ਵਰਨਣਯੋਗ ਹੈ ਕਿ ਸੰਤ ਬਾਬਾ ਤੋਤਾ ਮੱਲ ਜੀ ਆਹਨ ਖੇੜੀ ਸਾਡੀ ਸੰਸਥਾ ਦੇ ਸੀਨੀਅਰ ਮੈਂਬਰ ਹਨ।

ਇਨ੍ਹਾਂ ਘਟਨਾਵਾਂ ਨੇ ਖੁਸ਼ੀ ਦਿੱਤੀ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਰਾਹੀਂ ਹੋ ਰਿਹਾ ਕੰਮ ਸਾਰਥਿਕ ਹੈ ਅਤੇ ਸੰਗਤ ਵੀ ਇਸ ਤੋਂ ਅਗਵਾਈ ਲੈ ਰਹੀ ਹੈ। ਇਸ ਤਰ੍ਹਾਂ ਦੀਆਂ ਚਿੱਠੀਆਂ ਹੋਰ ਵੀ ਮਿਲ ਰਹੀਆਂ ਹਨ। ਕਿਸੇ ਹੋਰ ਦੀ ਜ਼ਿੰਦਗੀ ਵਿਚ ਤਬਦੀਲੀ ਆਈ ਹੋਵੇ ਤਾਂ ਉਹ ਵੀ ਸਾਡੇ ਨਾਲ ਆਪਣੇ ਵਿਚਾਰ ਸਾਂਝੇ ਕਰ ਸਕਦਾ ਹੈ।

**ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਤੁਸੀਂ ਭੇਟਾ ਚੈੱਕ, ਮਨੀਆਰਡਰ, ਬੈਂਕ ਡਰਾਫ਼ਟ ਜਾਂ ਮੋਬਾਇਲ ਫ਼ੋਨ ਪੈਸਾ ਟ੍ਰਾਂਸਫਰ ਜ਼ਰੀਏ ਸੰਸਥਾ ਦੇ ਅਕਾਊਂਟ ਵਿਚ ਭੇਜ ਸਕਦੇ ਹੋ।**

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

# CHOPRA ELECTRICALS

**TOTAL HOUSE WIRING**

Spl. In :

*Repair of Cooler, Madhani, Mixi, Drill Machine, Refrigerator, Motor Armature, Washing Machine, Fancy Light, Dish, T.V., & Repair/Sale of New Marble Cutter*



Harleen Chopra

Adampur Road, Bhogpur, Jalandhar.

M.: 98159-63269, 70871-50013

## ਭਾਈ ਦਿਲਬਾਗ ਸਿੰਘ

(ਰਾਗੀ ਜਥਾ)




ਧੰਨ ਗੁਰੂਦੇਵ !

## ਦਿਲਬਾਗ ਰੈਫਰੀਜਰੇਸ਼ਨ ਐਂਡ ਇਲੈਕਟ੍ਰੀਕਲਜ਼




ਮੋਬਾਇਲ - 97811-12944, 94635-27110


## ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 639ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ




ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)



ਸੂਬੇਦਾਰ ਮੇਜਰ ਪਿਆਰੇ ਲਾਲ
ਗੈਜੂਏਟ (ਚੁਖਿਆਰਾ)




ਤੋਤਾ ਮੱਲ ਆਹਨਖੇੜੀ
(ਮਲੇਰਕੋਟਲਾ)



ਸ੍ਰੀ ਦਲੀਪ ਚੰਦ
ਪਿੰਡ ਪਾਲਨੌ (ਫਿਲੌਰ)




ਸੂਬੇਦਾਰ ਹੰਸ ਰਾਜ
(ਭੋਗਪੁਰ)



ਮਨਜੀਤ ਸਿੰਘ ਚੁਖਿਆਰਾ
ਪਿੰਡ ਚੁਖਿਆਰ (ਜਲੰਧਰ)




ਜਦੋਂ ਰਾਜਾ ਪੀਪਾ ਜੀ ਨੇ ਗੁਰੂ ਰਵਿਦਾਸ ਜੀ ਪਾਸੋਂ ਕੁੰਨ ਦਾ ਅੰਮ੍ਰਿਤ ਪੀਣ ਦੀ ਬਜਾਏ ਆਪਣੇ ਬਸਤਰਾਂ ਵਿਚ ਡੋਲ ਦਿੱਤਾ ਤਾਂ ਉਹੀ ਅੰਮ੍ਰਿਤ ਦੇ ਦਾਗ ਧੋਬੀ ਦੀ ਲੜਕੀ ਨੂੰ ਰਾਜੇ ਦੇ ਬਸਤਰ ਧੋਣ ਸਮੇਂ ਚੂਸਣ 'ਤੇ ਬ੍ਰਹਮ ਦਾ ਗਿਆਨ ਹੋ ਗਿਆ। ਜਦ ਰਾਜਾ ਪੀਪਾ ਜੀ ਨੂੰ ਪਤਾ ਲੱਗਾ ਤਾਂ ਉਹ ਬਹੁਤ ਪਛਤਾਏ ਅਤੇ ਗੁਰੂ ਜੀ ਦੇ ਚਰਨਾਂ ਵਿਚ ਆ ਕੇ ਦੁਬਾਰਾ ਕੁੰਨ ਦੇ ਅੰਮ੍ਰਿਤ ਦੀ ਬੇਨਤੀ ਕਰਨ ਲੱਗੇ।




ਸਾਧ ਸੰਗਤ ਜੀਓ - ਜੈ ਗੁਰੂਦੇਵ ! ਧੰਨ ਗੁਰੂਦੇਵ !

ਅੱਜ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੇ ਸਮੁੱਚੇ ਜੀਵਨ ਇਤਿਹਾਸ ਨੂੰ ਦਰਸਾਉਂਦੀ ਕੋਈ ਵੀ ਪੁਸਤਕ ਨਹੀਂ ਛਪੀ। ਪ੍ਰੋ. ਲਾਲ ਸਿੰਘ ਜੀ ਐਡਵੋਕੇਟ ਨੇ ਇਕ ਵਿਲੱਖਣ ਅਤੇ ਖੋਜ ਭਰਪੂਰ ਪੁਸਤਕ 'ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ' ਪ੍ਰਕਾਸ਼ਿਤ ਕੀਤੀ ਹੈ। ਇਹ ਪੁਸਤਕ 33 ਸਿਰਲੇਖਾਂ ਤਹਿਤ 424 ਪੰਨਿਆਂ ਦੀ ਅਤਿਅੰਤ ਸੁੰਦਰ, ਵਧੀਆ ਪੇਪਰ ਅਤੇ ਜਿਲਦ ਵਾਲੀ ਹੈ। ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਹਿੱਤ ਸਾਡੀ ਸੰਸਥਾ ਪਾਸੋਂ ਇਹ ਪੁਸਤਕ ਲਗਭਗ ਅੱਧੀ ਕੀਮਤ ਤੇ ਮਿਲ ਸਕਦੀ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਇਹ ਪੁਸਤਕ ਲੈ ਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਇਤਿਹਾਸਕਾਰਾਂ, ਲੇਖਕਾਂ, ਬੁਲਾਰਿਆਂ, ਕਥਾਵਾਚਕਾਂ, ਰਾਗੀ ਜਥਿਆਂ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਲਈ ਇਹ ਪੁਸਤਕ ਬਹੁਤ ਜ਼ਰੂਰੀ ਅਤੇ ਲਾਭਦਾਇਕ ਹੈ। ਸਾਡੀ ਸੰਸਥਾ ਨਾਲ ਸੰਪਰਕ ਕਰਕੇ ਤੁਸੀਂ ਇਹ ਪੁਸਤਕ ਕੋਰੀਅਰ ਜਾਂ ਵੀ.ਪੀ.ਪੀ. ਦੁਆਰਾ ਵੀ ਮੰਗਵਾ ਸਕਦੇ ਹੋ।

ਹਰਜਿੰਦਰ ਪਾਲ ਵੱਸਣ
ਖਜ਼ਾਨਚੀ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.),
ਪਿੰਡ ਗੇਹਲੜਾਂ, ਜ਼ਿਲ੍ਹਾ ਜਲੰਧਰ, 98725-88620

Design : WP&S # 98153-78692